ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 237 Wednesday, December 11, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
"Believe In The Best" ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

## ਨਵੀਂ ਨਾਫਟਾ ਡੀਲ ਦੇ ਅਪਡੇਟ ਕੀਤੇ ਗਏ ਟੈਕਸਟ ਉਤੇ ਕੈਨੇਡਾ ਨੇ ਕੀਤੇ ਦਸਤਖ਼ਤ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਮੈਕਸਿਕੋ ਵਿੱਚ ਇੱਕ ਸਮਾਰੋਹ ਦੌਰਾਨ ਕੈਨੇਡਾ ਦੇ ਪੱਖ ਉੱਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਮੁੜ ਵਿਚਾਰੀ ਗਈ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਉੱਤੇ ਦਸਤਖ਼ਤ ਕੀਤੇ।

ਮੰਗਲਵਾਰ ਸ਼ਾਮ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਫਰੀਲੈਂਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਨਵੀਂ ਨਾਫਟਾ ਡੀਲ ਨੂੰ ਸਿਰੇ ਚੜ੍ਹਾਉਣ ਵੱਲ ਕੈਨੇਡਾ, ਅਮਰੀਕਾ ਤੇ ਮੈਕਸਿਕੋ ਨੇ ਅਹਿਮ ਕਦਮ ਪੁੱਟਿਆ ਹੈ। ਉਨ੍ਹਾਂ ਆਖਿਆ ਕਿ ਇਸ ਡੀਲ ਵਿੱਚ ਕੀਤੀਆਂ ਗਈਆਂ ਸੋਧਾਂ ਨਾਲ ਇਸ ਵਿੱਚ ਹੋਰ ਸੁਧਾਰ ਹੋ ਗਿਆ ਹੈ ਤੇ ਹੁਣ ਉਹ ਜਲਦ ਤੋਂ ਜਲਦ ਇਸ ਨੂੰ ਪਾਸ ਕਰਵਾਉਣਾ ਚਾਹੁੰਦੀ ਹੈ। ਇਸ ਡੀਲ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਇੱਕ ਸਾਲ ਤੋਂ ਰੁਕੀਆਂ ਹੋਈਆਂ ਸਨ ਤੇ ਯੂਐਸ ਡੈਮੋਕ੍ਰੈਟਸ ਵੱਲੋਂ ਇਨ੍ਹਾਂ ਐਡਜਸਟਮੈਂਟਸ ਨੂੰ ਮਨਜ਼ੂਰੀ ਦੇਣ ਨਾਲ ਕੈਨੇਡਾ, ਅਮਰੀਕਾ ਤੇ ਮੈਕਸਿਕੋ ਇਸ ਡੀਲ ਨੂੰ ਸਿਰੇ ਚੜ੍ਹਾਉਣ ਵੱਲ ਇੱਕ ਹੋਰ ਕਦਮ ਪੁੱਟ ਸਕੇ ਹਨ। ਹੁਣ ਇਸ ਡੀਲ ਦੇ ਸਿਰੇ ਚੜ੍ਹਨ ਦਾ ਰਾਹ ਪੱਧਰਾ ਹੋ ਗਿਆ ਹੈ।

ਤਿੰਨਾਂ ਮੁਲਕਾਂ ਵੱਲੋਂ ਇਨ੍ਹਾਂ ਤਬਦੀਲੀਆਂ ਨੂੰ ਰਸਮੀ ਤੌਰ ਉੱਤੇ ਅਪਣਾ ਲਏ ਜਾਣ ਤੋਂ ਬਾਅਦ ਹੁਣ ਇਹ ਡੀਲ ਆਪਣੀ ਫਨਿਸ਼ ਲਾਈਨ ਦੇ ਕੋਲ ਪਹੁੰਚ ਗਈ ਹੈ। ਇਸ ਸਬੰਧ ਵਿੱਚ ਤਿਪੱਖੀ ਮੀਟਿੰਗ ਦੌਰਾਨ ਇਸ'ਤੇ ਦਸਤਖ਼ਤ ਕੀਤੇ ਜਾਣ ਦੀ ਰਸਮ ...ਬਾਕੀ ਪੰਨਾ 6 'ਤੇ

## ਬਰੈਂਪਟਨ ਵਿੱਚ ਘਰੇਲੂ ਹਿੰਸਾ ਦੇ ਵੱਧ ਰਹੇ ਮਾਮਲਿਆਂ ਉੱਤੇ ਸਹੋਤਾ ਨੇ ਪ੍ਰਗਟਾਈ ਚਿੰਤਾ



ਬਰੈਂਪਟਨ, 10 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੁੜ ਚੁਣੀ ਗਈ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ 43ਵੀਂ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਦੇ ਪਹਿਲੇ ਦਿਨ ਬਰੈਂਪਟਨ ਤੇ ਕੈਨੇਡਾ ਭਰ ਦੀਆਂ ਸਾਡੀਆਂ ਕਮਿਊਨਿਟੀਜ਼ ਵਿੱਚ ਫੈਲੇ ਤੇ ਤੇਜ਼ੀ ਨਾਲ ...ਬਾਕੀ ਪੰਨਾ 6 'ਤੇ

## ਬਰੈਂਪਟਨ ਦੇ ਘਰ ਵਿੱਚੋਂ ਮ੍ਰਿਤਕ ਮਿਲੀ ਮਹਿਲਾ ਦਾ ਕੀਤਾ ਗਿਆ ਸੀ ਕਤਲ !




ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਦੇ ਘਰ ਵਿੱਚ ਮ੍ਰਿਤਕ ਪਾਈ ਗਈ ਟੋਰਾਂਟੋ ਦੀ ਮਹਿਲਾ ਮਰਡਰ-ਸਿਊਸਾਈਡ ਦੀ ਸ਼ਿਕਾਰ ਸੀ। ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਉਹ ਲਾਪਤਾ ਵੀ ਪਾਈ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਸੋਮਵਾਰ ਨੂੰ ਪੁਲਿਸ ਅਧਿਕਾਰੀਆਂ ਨੂੰ ਦੁਪਹਿਰ ਦੇ 2:00 ਵਜੇ ਈਗਲ ਰਿੱਜ ਡਰਾਈਵ ਤੇ ਬਿੱਗਹੌਰਨ ਕ੍ਰੀਸੈਂਟ ਨੇੜੇ ਸਥਿਤ ਇੱਕ ਘਰ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਘਰ ਵਿੱਚ 27 ਸਾਲਾ ਸ਼ਰਨਜੀਤ ਕੌਰ ਤੇ 35 ਸਾਲਾ ਨਵਦੀਪ ਸਿੰਘ ਦੀਆਂ ਲਾਸ਼ਾਂ ਮਿਲੀਆਂ। ਪੁਲਿਸ ਨੇ ਅੱਗੇ ਦੱਸਿਆ ਕਿ ਸ਼ਰਨਜੀਤ ਕੌਰ ...ਬਾਕੀ ਪੰਨਾ 6 'ਤੇ

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਚੂਹਟਾ ਮੁਫਤੀ ਬਾਕਰ, ਜ਼ਿਲਾ ਲਾਹੌਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਪਹਿਲੀ ਪਾਤਸ਼ਾਹੀ, ਚੂਹਟਾ ਮੁਫਤੀ ਬਾਕਰ, ਜ਼ਿਲਾ ਲਾਹੌਰ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਟਰੂਡੋ ਸਰਕਾਰ ਨਾਲ ਸਾਂਝਾ ਆਧਾਰ ਤਲਾਸ਼ਣਾ ਚਾਹੁੰਦੇ ਹਨ ਕੇਨੀ

ਓਟਵਾ, 10 ਦਸੰਬਰ (ਪੋਸਟ ਬਿਊਰੋ) : ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫੈਡਰਲ ਚੋਣਾਂ ਤੋਂ ਬਾਅਦ ਪਹਿਲੀ ਵਾਰੀ ਮੁਲਾਕਾਤ ਕਰਨਗੇ। ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਲਿਬਰਲ ਐਮਪੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ। ਫੈਡਰਲ ਚੋਣਾਂ ਤੋਂ ਕਈ ਮਹੀਨੇ ਪਹਿਲਾਂ ਹੀ ਕੇਨੀ ਨੇ ਇਹ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਲਿਬਰਲ ਪੱਛਮ ਦੇ ਲੋਕਾਂ ਨੂੰ ਅਣਗੌਲਿਆ ਕਰਕੇ ਜੋਖ਼ਮ ਉਠਾ ਰਹੇ ਹਨ ਤੇ ਹੌਲੀ ਹੌਲੀ ਲੋਕ ਉਨ੍ਹਾਂ ਦੇ ਉਲਟ ...ਬਾਕੀ ਪੰਨਾ 3 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance | Critical Illness Ins | Travel & Visitor Ins | RESP & TFSA & RRSP
Super Visa Insurance | Mortgage Insurance | Disability Insurance | Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance | Life & Disability | Critical illness | RESP | Visitor & Travel insurance
(416-845-1352) Manwinder Mangat
Aaxel Insurancebrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration | Real Estate / Commercial Law | Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ | ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ | ਲੀਗਲ ਬੈਸਮੈਂਟ
COMMERCIAL: New store design & build | Lease hold Improvements | Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? | ਗਾਰਨਿਸ਼ਮੈਂਟ? | ਬੈਂਕ ਵਲੋਂ ਪੈਸੇ ਦੀ ਮੰਗ ? | ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets | Completly Furnished | Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate | Family Law | Business Closing | Corporate | Wills & Estate | Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law | Business Law | Wills & Estates | Family Law | Power of Attorney | Civil Litigation | Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਤਾਜ਼ਾ ਬਿੱਲ ਜਦ ਭਾਰਤ ਨੇ ਪਾਸ ਕਰਿਆ,
ਭਾਰਤ ਅੰਦਰ ਕਈ ਲੋਕ ਨਾਰਾਜ਼ ਮਿੱਤਰ।
ਪੂਰਬ-ਪੱਛਮ ਤੇ ਉੱਤਰ ਤੋਂ ਤੀਕ ਦੱਖਣ,
ਸੁਣਦੀ ਰੋਸ ਲਈ ਉੱਠੇ ਆਵਾਜ਼ ਮਿੱਤਰ।
ਆਖਿਆ ਕਈਆਂ ਨੇ ਹੋਣਗੇ ਕਈ ਜਲਵੇ,
ਤਾਜ਼ਾ ਬਿੱਲ ਆ ਸਿਰਫ ਆਗਾਜ਼ ਮਿੱਤਰ।
ਅਕਾਲੀ ਖੜੇ ਹਨ ਮੋਦੀ ਦੇ ਨਾਲ ਮਿੱਤਰ,
ਅੱਖ ਦੀ ਸ਼ਰਮ ਨਾ ਹੋਰ ਲਿਹਾਜ਼ ਮਿੱਤਰ।
ਕੱਲ੍ਹ ਤੱਕ ਦਿੱਲੀ ਦਰਬਾਰ ਨੂੰ ਰਹੇ ਭੰਡਣ,
ਬਣ ਗਏ ਦਿੱਲੀ ਦੇ ਅੱਜ ਮੁਥਾਜ ਮਿੱਤਰ।
ਕੋਈ ਨਾ ਜਾਣਦਾ ਕਿਹੜੀ ਹੈ ਰਾਜਨੀਤੀ,
ਜਾਂ ਫਿਰ ਗੁੱਝਾ ਹੈ ਜਾਪਦਾ ਰਾਜ਼ ਮਿੱਤਰ।

ਤੀਸ ਮਾਰ ਖਾਂ

# ਟਰੂਡੋ ਸਰਕਾਰ ਨਾਲ ਸਾਂਝਾ ਆਧਾਰ ਤਲਾਸ਼ਣਾ ਚਾਹੁੰਦੇ ਹਨ ਕੇਨੀ



ਓਟਵਾ, 10 ਦਸੰਬਰ (ਪੋਸਟ ਬਿਊਰੋ) : ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫੈਡਰਲ ਚੋਣਾਂ ਤੋਂ ਬਾਅਦ ਪਹਿਲੀ ਵਾਰੀ ਮੁਲਾਕਾਤ ਕਰਨਗੇ। ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਲਿਬਰਲ ਐਮਪੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ।
ਫੈਡਰਲ ਚੋਣਾਂ ਤੋਂ ਕਈ ਮਹੀਨੇ ਪਹਿਲਾਂ ਹੀ ਕੇਨੀ ਨੇ ਇਹ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਲਿਬਰਲ ਪੱਛਮ ਦੇ ਲੋਕਾਂ ਨੂੰ ਅਣਗੌਲਿਆ ਕਰਕੇ ਜੋਖ਼ਮ ਉਠਾ ਰਹੇ ਹਨ ਤੇ ਹੌਲੀ ਹੌਲੀ ਲੋਕ ਉਨ੍ਹਾਂ ਦੇ ਉਲਟ ਹੋ ਰਹੇ ਹਨ। ਪਰ ਚੋਣਾਂ ਦੇ ਨਤੀਜਿਆਂ ਤੋਂ ਕੇਨੀ ਦੀ ਆਖੀ ਗੱਲ ਤੇ ਲੋਕਾਂ ਦੇ ਰੋਹ ਦਾ ਪਤਾ ਲੱਗ ਹੀ ਗਿਆ। ਹੁਣ ਕੇਨੀ ਇਸ ਸਥਿਤੀ ਦਾ ਫਾਇਦਾ ਉਠਾਉਣਾ ਚਾਹੁੰਦੇ ਹਨ। ਅੱਜ ਟਰੂਡੋ ਨਾਲ ਮੁਲਾਕਾਤ ਸਮੇਂ ਉਹ ਆਪਣੀ ਪੰਜ ਮੰਗਾਂ ਦੀ ਸੂਚੀ ਟਰੂਡੋ ਨੂੰ ਸੌਂਪਣਗੇ। ਕੇਨੀ ਦਾ ਕਹਿਣਾ ਹੈ ਕਿ ਅਲਬਰਟਾ ਤੇ ਕੈਨੇਡਾ ਦੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਇਨ੍ਹਾਂ ਮੰਗਾਂ ਦਾ ਪੂਰਾ ਹੋਣਾ ਬਹੁਤ ਜ਼ਰੂਰੀ ਹੈ।
ਇਨ੍ਹਾਂ ਮੰਗਾਂ ਵਿੱਚ ਫੈਡਰਲ ਪੇਅਮੈਂਟ ਪ੍ਰੋਗਰਾਮ ਵਿੱਚ ਤਬਦੀਲੀ, ਐਨਵਾਇਰਮੈਂਟ ਰੈਗੂਲੇਸ਼ਨਜ਼ ਵਿੱਚ ਸੋਧਾਂ ਤੇ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਲਈ ਸਮਾਂ ਸੀਮਾਂ ਤੈਅ ਕੀਤਾ ਜਾਣਾ ਸ਼ਾਮਲ ਹਨ। ਕੇਨੀ ਦੀ ਟਰੂਡੋ ਨਾਲ ਇਹ ਮੁਲਾਕਾਤ ਦੋ ਰੋਜ਼ਾ ਦੌਰੇ ਦਾ ਹਿੱਸਾ ਹੈ ਤੇ ਇਸ ਦੌਰਾਨ ਅੱਠ ਪ੍ਰੋਵਿੰਸ਼ੀਅਲ ਕੈਬਨਿਟ ਮੰਤਰੀ ਆਪਣੇ ਹਮਰੁਤਬਾ ਅਧਿਕਾਰੀਆਂ ਤੇ ਇੰਡਸਟਰੀ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਨਗੇ।
ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਫੈਡਰਲ ਪ੍ਰੋਵਿੰਸ਼ੀਅਲ ਸਬੰਧ ਥੋੜ੍ਹੇ ਤਣਾਅਪੂਰਣ ਹਨ, ਪਰ ਉਹ ਟਰੂਡੋ ਸਰਕਾਰ ਨਾਲ ਸਾਂਝਾ ਆਧਾਰ ਤਲਾਸ਼ਣਾ ਚਾਹੁੰਦੇ ਹਨ। ਕੇਨੀ ਨੇ ਪਿਛਲੇ ਮਹੀਨੇ ਹੋਈ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਪ੍ਰੀਮੀਅਰਜ਼ ਦੀ ਮੀਟਿੰਗ ਬਾਰੇ ਗੱਲ ਕਰਦਿਆਂ ਆਖਿਆ ਕਿ ਪਾਈਪਲਾਈਨਜ਼ ਤੇ ਫੈਡਰਲ ਫੰਡਿੰਗ ਸਮੇਤ ਇਨ੍ਹਾਂ ਮੁੱਦਿਆਂ ਉੱਤੇ ਉਨ੍ਹਾਂ ਸਾਰਿਆਂ ਵਿੱਚ ਆਮ ਸਹਿਮਤੀ ਬਣੀ। ਉਨ੍ਹਾਂ ਆਖਿਆ ਕਿ ਟਰੂਡੋ ਇਸ ਸਦਭਾਵਨਾ ਦੀ ਹਿਫਾਜ਼ਤ ਕਰ ਸਕਦੇ ਹਨ। ਫੈਡਰਲ ਚੋਣਾਂ ਤੋਂ ਬਾਅਦ ਟਰੂਡੋ ਨਾਲ ਮੁਲਾਕ-ਾਤ ਕਰਨ ਵਾਲੇ ਕੇਨੀ ਆਖਰੀ ਪ੍ਰੀਮੀਅਰਜ਼ ਵਿੱਚੋਂ ਇੱਕ ਹਨ।

# ਪੁਡਾ ਨੂੰ ਰਾਹਤ, ਖਪਤਕਾਰ ਕਮਿਸ਼ਨ ਨੇ ਮੰਨੀ ਅਪੀਲ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਰਾਜ ਖਪਤਕਾਰ ਕਮਿਸ਼ਨ ਨੇ ਪੰਜਾਬ ਅਰਬਨ ਡਿਬਵੈਲਪਮੈਂਟ ਅਥਾਰਟੀ ਨੂੰ ਰਾਹਤ ਪ੍ਰਦਾਨ ਕਰਦਿਆਂ ਇਸ ਵਿਰੁੱਧ ਜ਼ਿਲਾ ਖਪਤਕਾਰ ਫੋਰਮ ਸੰਗਰੂਰ ਵਲੋਂ ਐਸ.ਐਸ.ਟੀ. ਨਗਰ ਸੰਗਰੂਰ ਨਿਵਾਸੀ ਅਮਨ ਗੋਇਲ ਅਤੇ ਧੀਰਜ ਪ੍ਰਭਾ ਵਲੋਂ ਦਰਜ ਸ਼ਿਕਾਇਤ ’ਤੇ ਜਾਰੀ ਕੀਤੇ ਗਏ ਹੁਕਮ ਨੂੰ ਰੱਦ ਕਰ ਦਿੱਤਾ। ਕਮਿਸ਼ਨ ਦੇ ਪ੍ਰੀਜਾਈਡਿੰਗ ਮੈਂਬਰ ਰਾਜਿੰਦਰ ਕੁਮਾਰ ਗੋਇਲ ਅਤੇ ਮੈਂਬਰ ਕਿਰਨ ਸਿਬਲ ਵਲੋਂ ਪੁਡਾ ਦੀ ਅਪੀਲ ’ਤੇ ਸੁਣਾਏ ਗਏ ਫੈਸਲੇ ਅਨੁਸਾਰ ਜ਼ਿਲਾ ਖਪਤਕਾਰ ਫੋਰਮ ਦੇ ਸਾਹਮਣੇ ਦਰਜ ਸ਼ਿਕਾਇਤ ’ਚ ਸ਼ਿਕਾਇਤਕਰਤਾਵਾਂ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਵਲੋਂ ਅਗਸਤ, 2016 ’ਚ ਖੁੱਲ੍ਹੀ ਨਿਲਾਮੀ ਦੇ ਤਹਿਤ ਬੰਸਾਰ ਇੰਕਲੇਵ ’ਚ ਪੁਡਾ ਤੋਂ ਇਕ ਦੁਕਾਨ ਖਰੀਦੀ ਸੀ। ਜਿਸ ਲਈ ਸ਼ਰਤਾਂ ਅਨੁਸਾਰ ਕੁਲ ਰਾਸ਼ੀ ਦਾ 25 ਫ਼ੀਸਦੀ ਅਰਥਾਤ 23,77,620 ਰੁਪਏ ਵੀ ਜਮ੍ਹਾਂ ਕਰਵਾ ਦਿੱਤੇ ਸਨ। ਪਰ ਪੁਡਾ ਪ੍ਰਬੰਧਨ ਨੇ ਉਸ ਦੁਕਾਨ ਦੇ ਭੂਖੰਡ ਦੇ ਸਾਹਮਣੇ ਦੇ ਬਿਜਲੀ ਅਤੇ ਟੈਲੀਫੋਨ ਦੇ ਖੰਭਿਆਂ ਨੂੰ ਨਹੀਂ ਹਟਾਇਆ ਗਿਆ। ਜਿਸ ਕਾਰਨ ਭੂਖੰਡ ’ਤੇ ਨਿਰਮਾਣ ਕਾਰਜ ਰੁਕਿਆ ਰਿਹਾ। ਜ਼ਿਲਾ ਫੋਰਮ ਨੇ ਸ਼ਿਕਾਇਤ ਨੂੰ ਮੰਨਦਿਆਂ ਪੁਡਾ ਨੂੰ ਉਕਤ ਖੰਭਾਂ ਨੂੰ ਤੁਰੰਤ ਹਟਾਉਣ, ਖਪਤਕਾਰਾਂ ਵਲੋਂ ਜਮ੍ਹਾਂ ਕਰਵਾਈ ਗਈ ਰਾਸ਼ੀ ’ਤੇ ਖੰਭਿਆਂ ਨੂੰ ਹਟਾਏ ਜਾਣ ਤੱਕ 9 ਫ਼ੀਸਦੀ ਸਲਾਨਾ ਵਿਆਜ ਅਦਾ ਕਰਨਾ ਅਤੇ ਉਦੋਂ ਤੱਕ ਖਪਤਕਾਰਾਂ ਵਲੋਂ ਬਾਕੀ ਰਾਸ਼ੀ ਵਸੂਲ ਨਾ ਕਰਨ ਦੇ ਹੁਕਮ ਜਾਰੀ ਕੀਤੇ ਸਨ। ਹਾਲਾਂਕਿ ਪੁਡਾ ਨੇ ਇਨ੍ਹਾਂ ਹੁਕਮਾਂ ਦੇ ਵਿਰੁਧ ਰਾਜ ਖਪਤਕਾਰ ਕਮਿਸ਼ਨ ਦੇ ਸਾਹਮਣੇ ਦਰਜ ਅਪੀਲ ਦੇ ਖਾਰਜ ਹੋਣ ’ਤੇ ਰਾਸ਼ਟਰੀ ਖਪਤਕਾਰ ਕਮਿਸ਼ਨ ਦੇ ਸਾਹਮਣੇ ਚੁਣੌਤੀ ਦਿੱਤੀ ਸੀ। ਰਾਸ਼ਟਰੀ ਕਮਿਸ਼ਨ ਨੇ ਮਾਮਲੇ ਨੂੰ ਰਾਜ ਖਪਤਕਾਰ ਕਮਿਸ਼ਨ ਨੂੰ ਰੈਫਰ ਕਰਦਿਆਂ ਦੋਵੇਂ ਪੱਖਾਂ ਦੇ ਸੁਣਨ ਤੋਂ ਬਾਅਦ ਹੁਕਮ ਜਾਰੀ ਕਰਨ ਲਈ ਕਿਹਾ ਸੀ।

# ਅਕਾਲੀ ਦਲ ਟਕਸਾਲੀ ’ਚ 2 ਨਵੀਆਂ ਨਿਯੁਕਤੀਆਂ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਜਨਰਲ ਸਕੱਤਰ ਅਤੇ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਪਾਰਟੀ ਹੈਡਕੁਆਰਟਰ ਤੋਂ ਜਾਰੀ ਕੀਤੇ ਬਿਆਨ ’ਚ ਦੱਸਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕੰਵਲਜੀਤ ਸਿੰਘ ਢਿੱਲੋਂ ਸਪੁੱਤਰ ਸੀਨੀਅਰ ਅਕਾਲੀ ਆਗੂ ਰਸ਼ਬੇਗ ਸਿੰਘ ਢਿੱਲੋਂ ਸੁਲਤਾਨਪੁਰ ਲੋਧੀ ਨੂੰ ਜ਼ਿਲਾ ਅਕਾਲੀ ਜਥਾ ਕਪੂਰਥਲਾ ਦਾ ਪ੍ਰਧਾਨ ਨਿਯੁਕਤ ਕੀਤਾ ਹੈ ਅਤੇ ਜਥੇਦਾਰ ਮੱਖਣ ਸਿੰਘ ਨੰਗਲ, ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕੀਤਾ ਹੈ। ਜਥੇਦਾਰ ਬ੍ਰਹਮਪੁਰਾ ਨੇ ਜ਼ਿਲਿਆਂ ਦੇ ਚੋਣ ਆਬਜ਼ਰਵਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸੌਂਪੇ ਗਏ ਜ਼ਿਲਿਆਂ ’ਚ ਜਾ ਕੇ ਜ਼ਿਲੇ ਤੇ ਸਰਕਲਾ ਦੀ ਜਥੇਬੰਦੀ ਨੂੰ 31 ਦਸੰਬਰ, 2019 ਤਕ ਮੁਕੰਮਲ ਕਰਨ।

## ਵਰਲਡ ਕਬੱਡੀ ਕੱਪ

# ਕੈਨੇਡਾ ਨੂੰ ਹਰਾ ਕੇ ਭਾਰਤ ਨੇ ਚੈਂਪੀਅਨਸ਼ਿਪ ਜਿੱਤੀ







ਡੇਰਾ ਬਾਬਾ ਨਾਨਕ, 10 ਦਸੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ ਅੱਜ ਡੇਰਾ ਬਾਬਾ ਨਾਨਕ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਕਰਵ-ਾਇਆ ਗਿਆ ਤਾਂ ਇਸ ਮੈਚ ਵਿੱਚ ਭਾਰਤ ਨੇ ਕੈਨੇਡਾ ਨੂੰ ਇਕਪਾਸੜ ਜਿਹੇ ਮੁਕਾਬਲੇ ਵਿੱਚ ਹਰਾ ਦਿੱਤਾ, ਜਦਕਿ ਇਸ ਤੋਂ ਪਹਿਲਾਂ ਤੀਜੇ ਸਥਾਨ ਲਈ ਇੰਗਲੈਂਡ ਅਤੇ ਅਮਰੀਕਾ ਵਿਚਾਲੇ ਖੇਡੇ ਗਏ ਮੁਕਾਬਲੇ ਵਿੱਚ ਅਮਰੀਕਾ ਨੇ ਫਸਵੇਂ ਤੇ ਰੋਮਾਂਚਕ ਭੇੜ ਵਿੱਚ ਇੰਗਲੈਂਡ ਨੂੰ 45-42 ਦੇ ਫਰਕ ਨਾਲ ਹਰਾਇਆ।
ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੁਕਾਬਲਾ ਭਾਰਤ ਅਤੇ ਕੈਨੇਡਾ ਵਿਚਾਲੇ ਖੇਡਿਆ ਗਿਆ, ਜਿਹੜਾ ਮੈਚ ਸ਼ੁਰੂ ਹੋਣ ਤੋਂ ਹੀ ਇਕ ਪਾਸੜ ਸੀਅਤੇ ਭਾਰਤੀ ਖਿਡਾਰੀਆਂ ਨੇ ਕੈਨੇਡਾ ਟੀਮ ਦੀ ਪੇਸ਼ ਨਹੀਂ ਜਾਣ ਦਿੱਤੀ। ਪਹਿਲੇ ਕਵਾਰਟਰ ਵਿੱਚ ਭਾਰਤ ਕੈਨੇਡਾ ਤੋਂ 34-9 ਦੇ ਭਾਰੀ ਫਰਕ ਨਾਲ ਅੱਗੇ ਰਿਹਾ ਅਤੇ ਖੇਡ ਖਤਮ ਹੋਣ ਤੱਕ ਭਾਰਤ ਨੇ ਕੈਨੇਡਾ ਨੂੰ 64-19 ਦੇ ਭਾਰੀ ਫਰਕ ਨਾਲ ਹਰਾ ਕੇ ਟਰਾਫੀ ਚੁੰਮ ਲਈ।ਪੰਜਾਬ ਸਰਕਾਰ ਵਲੋਂ ਕਰਵਾਏ ਵਿਸ਼ਵ ਕਬੱਡੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ 25 ਲੱਖ ਰੁਪਏ, ਦੂਜੇ ਸਥਾਨ ਵਾਲੀ ਕੈਨੇਡਾ ਟੀਮ ਨੂੰ 15 ਲੱਖ ਰੁਪਏ ਅਤੇ ਤੀਜੇ ਥਾਂ ਆਈ ਅਮਰੀਕਾ ਦੀ ਟੀਮ ਨੂੰ10 ਲੱਖ ਰੁਪਏ ਦੀ ਇਨਾਮੀ ਰਾਸ਼ੀ ਪੰਜਾਬ ਸਰਕਾਰ ਵਲੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮੰਤਰੀ ਰਾਣਾ ਗੁਰਮੀਤ ਸੋਢੀ ਤੇ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਾਂਝੇ ਤੌਰ ਉੱਤੇ ਭੇਂਟ ਕੀਤੀ ਤੇ ਹਰ ਟੀਮ ਨੂੰ ਨਗਦ ਇਨਾਮ ਦੇ ਨਾਲ ਟਰਾਫੀ ਵੀ ਭੇਂਟ ਕੀਤੀ ਗਈ।
ਤੀਜੇ ਸਥਾਨ ਲਈ ਇੰਗਲੈਂਡ ਤੇ ਅਮਰੀਕਾ ਦੀਆਂ ਟੀਮ ਵਿਚਾਲੇ ਹੋਇਆ ਮੁਕਾਬਲਾ ਕਾਫੀ ਰੋਚਕ ਸੀ, ਜਿਸ ਦੇ ਪਹਿਲੇ ਹਾਫ ਤੱਕ ਅਮਰੀਕਾ ਦੇ 23 ਅਤੇ ਇੰਗਲੈਂਡ ਦੇ 14 ਨੰਬਰ ਸਨ, ਪਰ ਮੈਚ ਸਮਾਪਤੀ ਤੋਂ ਪਹਿਲਾਂ ਇੰਗਲੈਂਡ ਦੇ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ। ਇਸ ਦੇ ਬਾਵਜੂਦ ਅਮਰੀਕਾ ਨੇ ਹਮਲਾਵਰ ਖੇਡ ਨਾਲ ਇਹ ਮੁਕਾਬਲਾ 42-35 ਨਾਲ ਜਿੱਤ ਲਿਆ, ਜਿਸ ਦੌਰਾਨ ਦੋਵੇਂ ਧਿਰਾਂ ਪੂਰੇ ਜੋਸ਼ ਵਿੱਚ ਰਹੀਆਂ।
ਇਸ ਮੌਕੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਦੇ ਇਹ ਕਸਬਾ ਸਰਹੱਦੀ ਅਤੇ ਪਛੜਿਆ ਗਿਣਿਆ ਜਾਂਦਾ ਸੀ, ਪਰ ਅੱਜ ਡੇਰਾ ਬਾਬਾ ਨਾਨਕ ਗੇਟ ਵੇਅ ਆਫ ਇੰਡੀਆ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਹੈ।

# ਐਨ.ਆਰ.ਆਈ. ਖੁਦਕਸ਼ੀ ਮਾਮਲੇ ’ਚ ਸਰਕਾਰ ਨੂੰ ਨੋਟਿਸ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਕੈਨੇਡਾ ’ਚ ਰਹਿਣ ਵਾਲੇ ਐਨ.ਆਰ.ਆਈ. ਜਸਬੀਰ ਸਿੰਘ ਨੇ ਲੁਧਿਆਣਾ ’ਚ ਆਤਮ ਹੱਤਿਆ ਕਰ ਲਈ ਸੀ। ਪੁਲਸ ਨੇ ਭਰਾ ਜਗਸੀਰ ਸਿੰਘ ਦੀ ਸ਼ਿਕਾਇਤ ਅਤੇ ਸੁਸਾਈਡ ਨੋਟ ਦੇ ਆਧਾਰ ’ਤੇ ਮਾਮਲਾ ਦਰਜ ਕੀਤਾ ਸੀ, ਪਰ ਸਿਰਫ਼ ਪਤਨੀ ਨੂੰ ਹੀ ਨਾਮਜ਼ਦ ਕੀਤਾ ਗਿਆ ਜਦੋਂ ਕਿ ਸੁਸਾਈਡ ਨੋਟ ’ਚ 11 ਲੋਕਾਂ ਦੇ ਨਾਮ ਸਨ, ਜੋ ਜਸਬੀਰ ਨੂੰ ਪ੍ਰੇਸ਼ਾਨ ਕਰ ਰਹੇ ਸਨ ਅਤੇ ਸਾਰੇ ਕੈਨੇਡਾ ’ਚ ਹਨ।
ਪੁਲਸ ਕਾਰਵਾਈ ਤੋਂ ਨਾਖੁਸ਼ ਜਗਸੀਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ’ਚ ਪਟੀਸ਼ਨ ਦਾਖਲ ਕਰਕੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਕੋਰਟ ਨੇ ਪੰਜਾਬ ਸਰਕਾਰ, ਪੁਲਸ ਪ੍ਰਮੁੱਖ, ਲੁਧਿਆਣਾ ਦੇ ਪੁਲਸ ਕਮਿਸ਼ਨਰ ਅਤੇ ਮਿਹਰਬਾਨ ਪੁਲਸ ਸਟੇਸ਼ਨ ਦੇ ਐਸ.ਐਚ.ਓ. ਨੂੰ ਨੋਟਿਸ ਜਾਰੀ ਕਰਕੇ 19 ਫਰਵਰੀ ਤੱਕ ਜਵਾਬ ਦਾਖਲ ਕਰਨ ਨੂੰ ਕਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਸ਼੍ਰੋਮਣੀ ਕਮੇਟੀ ਦੇ ਕਬੱਡੀ ਖਿਡਾਰੀਆਂ ਨੇ ਭਾਈ ਰਾਜਿੰਦਰ ਸਿੰਘ ਮਹਿਤਾ ਨੂੰ ਦਿੱਤੀ ਮੁਬਾਰਕਬਾਦ



ਅੰਮ੍ਰਿਤਸਰ, 10 ਦਸੰਬਰ (ਗਿਆਨ ਸਿੰਘ)ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਣਨ ’ਤੇ ਭਾਈ ਰਜਿੰਦਰ ਸਿੰਘ ਮਹਿਤਾ ਨੂੰ ਸ਼੍ਰੋਮਣੀ ਕਮੇਟੀ ਦੀ ਕਬੱਡੀ ਟੀਮ ਵੱਲੋਂ ਮੁਬਾਰਕਬਾਦ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸਪੋਰਟਸ ਸ. ਤੇਜਿੰਦਰ ਸਿੰਘ ਪੱਡਾ ਨੇ ਸ਼੍ਰੋਮਣੀ ਕਮੇਟੀ ਦੇ ਕਬੱਡੀ ਖਿਡਾਰੀਆਂ ਦੀ ਭਾਈ ਰਜਿੰਦਰ ਸਿੰਘ ਮਹਿਤਾ ਨਾਲ ਜਾਣ-ਪਛਾਣ ਕਰਵਾਉਂਦਿਆਂ ਬੀਤੇ ਸਮੇਂ ਵਿਚ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਇਸ ਦੌਰਾਨ ਭਾਈ ਮਹਿਤਾ ਨੇ ਕਬੱਡੀ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਭਵਿੱਖ ਵਿਚ ਹੋਰ ਬਿਹਤਰ ਕਾਰਗੁਜ਼ਾਰੀ ਲਈ ਸ਼ੁਭ ਇਛਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਪ੍ਰਤੀਨਿਧ ਧਾਰਮਿਕ ਸੰਸਥਾ ਹੈ ਅਤੇ ਇਹ ਖੇਡਾਂ ਨਾਲ ਨੌਜੁਆਨੀ ਨੂੰ ਜੋੜਨ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਖਿਡਾਰੀਆਂ ਨੂੰ ਸਖ਼ਤ ਮਿਹਨਤ ਕਰਨ ਅਤੇ ਸਿੱਖੀ ਦੀ ਖੁਸ਼ਬੋਈ ਫੈਲਾਉਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਕਬੱਡੀ ਖਿਡਾਰੀਆਂ ਵਿੱਚੋਂ ਸ. ਜਰਮਨਜੀਤ ਸਿੰਘ, ਸ. ਨਰਿੰਦਰ ਸਿੰਘ, ਸ. ਸੁਖਬੀਰ ਸਿੰਘ, ਸ. ਮਨਪ੍ਰੀਤ ਸਿੰਘ, ਸ. ਅਮਰੀਕ ਸਿੰਘ, ਸ. ਗੁਰਪਾਲ ਸਿੰਘ, ਸ. ਭੁਪਿੰਦਰ ਸਿੰਘ, ਸ. ਕੁਲਵੰਤ ਸਿੰਘ, ਸ. ਸੁਖਜਿੰਦਰ ਸਿੰਘ, ਸ. ਕੁਲਦੀਪ ਸਿੰਘ, ਸ. ਜਸਪਿੰਦਰ ਸਿੰਘ, ਸ. ਰਸਾਲ ਸਿੰਘ, ਸ. ਪਰਮਪਾਲ ਸਿੰਘ, ਸ. ਮਨਜੋਧ ਸਿੰਘ, ਸ. ਭੁਪਿੰਦਰ ਸਿੰਘ ਅਤੇ ਸ. ਗੁਰਦਿੱਤ ਆਦਿ ਹਾਜ਼ਰ ਸਨ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਗਿਆਨੀ ਨਾਹਰ ਸਿੰਘ ਗੁੱਜਰਵਾਲ ਦੇ 127ਵੇਂ ਜਨਮ ਦਿਨ ’ਤੇ ਦੇਸ਼ ਭਗਤਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕੀਤਾ







ਸਰੀ, (ਹਰਦਮ ਮਾਨ)-ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਦੇਸ਼ ਦੀ ਆਜ਼ਾਦੀ ਦੇ ਪਰਵਾਨੇ, ਨਾਮਵਰ ਵਿਦਵਾਨ, ਇਤਿਹਾਸਕਾਰ, ਖੋਜੀ ਤੇ ਪੱਤਰਕਾਰ ਗਿਆਨੀ ਨਾਹਰ ਸਿੰਘ ਗੁੱਜਰਵਾਲ ਦਾ 127ਵਾਂ ਜਨਮ ਦਿਹਾੜਾ ਬੌਂਬੇ ਬੈਂਕੁਇਟ ਹਾਲ, ਸਰੀ ਵਿਖੇ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਟਰੱਸਟ ਦੇ ਫਾਊਂਡਰ ਜੈਤੇਗ ਸਿੰਘ ਅਨੰਤ, ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਆਈ ਗਿਆਨੀ ਨਾਹਰ ਸਿੰਘ ਦੀ ਪੋਤਰੀ ਇਕਬਾਲ ਕੌਰ ਅਤੇ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਕੀਤੀ।

ਸਮਾਗਮ ਦਾ ਆਗਾਜ਼ ਪ੍ਰਭਸਿਮਰਨ ਕੌਰ, ਇਕਰਾਜ ਸਿੰਘ ਤੇ ਬੀਬੀ ਰਹਿਮਤ ਕੌਰ ਵੱਲੋਂ ਪੇਸ਼ ਸ਼ਬਦ “ਦੇਹਿ ਸ਼ਿਵਾ ਬਰ ਮੋਹਿ ਇਹੈ” ਨਾਲ ਹੋਇਆ। ਜੈਤੇਗ ਸਿੰਘ ਅਨੰਤ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਜਥੇਦਾਰ ਰਘਬੀਰ ਸਿੰਘ (ਅਖੰਡ ਕੀਰਤਨੀ ਜਥਾ ਯੂ.ਕੇ.) ਨਮਿਤ ਸ਼ੋਕ ਮਤਾ ਪੇਸ਼ ਕੀਤਾ ਅਤੇ ਉਨ੍ਹਾਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਭ ਤੋਂ ਪਹਿਲਾਂ ਸੇਂਟ ਲੂਈਸ ਤੇ ਕਾਰਬਨ ਡੇਲ ਅਮਰੀਕਾ ਤੋਂ ਪੁੱਜੇ ਗਿਆਨੀ ਨਾਹਰ ਸਿੰਘ ਦੀ ਪੋਤਰੀ ਇਕਬਾਲ ਕੌਰ, ਡੀ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੜਪੋਤਰੇ ਜਸਨਾਮ ਸਿੰਘ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰ ਕੇ ਅਭਿਨੰਦਨ ਕੀਤਾ ਗਿਆ।

ਉਪਰੰਤ ਜੈਤੇਗ ਸਿੰਘ ਅਨੰਤ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਗਿਆਨੀ ਨਾਹਰ ਸਿੰਘ ਗੁੱਜਰਵਾਲ ਦੀ ਸ਼ਖਸੀਅਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਗਿਆਨ ਨਾਹਰ ਸਿੰਘ ਨੇ ਗ਼ਦਰ ਲਹਿਰ, ਗ਼ਦਰੀਆਂ ਤੇ ਦੇਸ਼-ਭਗਤਾਂ ਨੂੰ ਆਪਣੀ ਕਲਮ ਨਾਲ ਰੁਸ਼ਨਾਇਆ। ਉਹ ਗ਼ਦਰੀ ਯੋਧੇ, ਦੇਸ਼-ਭਗਤ, ਚੋਟੀ ਦੇ ਵਿਦਵਾਨ, ਲੇਖਕ, ਪੱਤਰਕਾਰ ਤੇ ਪੰਜ ਅਖ਼ਬਾਰ ਦੇ ਐਡੀਟਰ ਵੀ ਰਹੇ। ਪੰਥ ਦੀ ਸੋਨ ਚਿੜੀ ਭਾਈ ਰਣਧੀਰ ਸਿੰਘ ਵੱਲੋਂ ਜੇਲ੍ਹ ਦੀਆਂ ਕਾਲ ਕੋਠੜੀਆਂ ਤੋਂ ਨਿਰੰਤਰ ਚੱਲ ਰਹੇ ਗੁਪਤ ਪੱਤਰ ਵਿਹਾਰ ਨੂੰ ਉਨ੍ਹਾਂ ਸੀਨੇ ਨਾਲ ਲਾ ਕੇ ਰੱਖਿਆ ਅਤੇ ਇਨ੍ਹਾਂ ਚਾਲੀ ਇਤਿਹਾਸਕ ਚਿੱਠੀਆਂ ਨੂੰ 1936 ਵਿਚ “ਜੇਲ੍ਹ ਚਿੱਠੀਆਂ” ਦਾ ਰੂਪ ਦੇ ਕੇ ਪ੍ਰਕਾਸ਼ਿਤ ਕੀਤਾ ਜੋ ਖਾਲਸਾ ਪੰਥ ਦਾ ਵੱਡਮੁੱਲਾ ਖ਼ਜਾਨਾ ਹਨ। ਉਨ੍ਹਾਂ ਸਾਹਿਤ ਦੇ ਪਿੜ ਵਿਚ ਸਿੱਖ ਦਰਸ਼ਨ, ਸਿੱਖ ਇਤਿਹਾਸ, ਗੁਰਮਤਿ ਮਾਰਗ ਵਿਸ਼ਿਆਂ ਉੱਤੇ 20 ਤੋਂ ਵੱਧ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ।

ਇਕਬਾਲ ਕੌਰ ਨੇ ਆਪਣੇ ਦਾਦਾ ਨਾਲ ਬਿਤਾਏ ਦਿਨਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਨਿੱਤਨੇਮ ਤੇ ਲਿਖਣ ਕਲਾ ਬਾਰੇ ਜਾਣਕਾਰੀ ਦਿੱਤੀ। ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਗਿਆਨੀ ਨਾਹਰ ਸਿੰਘ ਨੂੰ ਸਿੱਖ ਇਤਿਹਾਸ ਦਾ ਅਨਮੋਲ ਹੀਰਾ ਦੱਸਿਆ। ਗੁਰੂਦਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਪ੍ਰਧਾਨ ਸੁਰਿੰ-ਦਰ ਸਿੰਘ ਜੱਬਲ ਨੇ ਕਿਹਾ ਕਿ ਗਿਆਨੀ ਨਾਹਰ ਸਿੰਘ ਦਾ ਗਦਰ ਲਹਿਰ ਵਿਚ ਮਹਾਨ ਯੋਗਦਾਨ ਰਿਹਾ। ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਕਿਹਾ ਕਿ ਇਤਿਹਾਸ ਅਤੇ ਆਜ਼ਾਦੀ ਦੇ ਅਜਿਹੇ ਅਣਗੌਲੇ ਮਹਾਨ ਘੁਲਾਟੀਆਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਸੋਚ ਨੂੰ ਅਜੋਕੀ ਪੀੜ੍ਹੀ ਤੱਕ ਪੁਚਾਉਣ ਲਈ ਹਰਿਦਰਸ਼ਨ ਮੈਮੋਰੀਅਲ ਟਰੱਸਟ ਬਹੁਤ ਵਡਮੁੱਲਾ ਅਤੇ ਸ਼ਲਾਘਾਯੋਗ ਕਾਰਜ ਕਰ ਰਿਹਾ ਹੈ। ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਸੰਧੂ ਨੇ ਗਿਆਨੀ ਨਾਹਰ ਸਿੰਘ ਦੀ ਦੇਸ਼ ਭਗਤੀ ਅਤੇ ਸਿੱਖ ਇਤਿਹਾਸ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਗਿਆਨੀ ਕੁਲਵਿੰਦਰ ਸਿੰਘ ਨੇ ਗਿਆਨੀ ਨਾਹਰ ਸਿੰਘ ਦੇ ਸਿਰੜ, ਲਗਨ ਨੂੰ ਸਿਜਦਾ ਕੀਤਾ ਅਤੇ ਕਿਹਾ ਕਿ ਅਜਿਹੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਅਜੋਕੀ ਪੀੜ੍ਹੀ ਨੂੰ ਜਾਣੂੰ ਕਰਵਾਉਣ ਲਈ ਅਜਿਹੇ ਪ੍ਰੋਗਰਾਮਾਂ ਦੀ ਬੇਹੱਦ ਲੋੜ ਹੈ। ਇਸ ਮੌਕੇ ਜੈਤੇਗ ਸਿੰਘ ਅਨੰਤ ਨੇ ਇਕ ਮਤੇ ਰਾਹੀਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਮਹਾਨ ਵਿਦਵਾਨ ਅਤੇ ਸਿੱਖ ਇਤਿਹਾ-ਸਕਾਰ ਗਿਆਨੀ ਨਾਹਰ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਲਾਈ ਜਾਵੇ। ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਸੰਧੂ ਅਤੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਇਸ ਮਤੇ ਦੀ ਤਾਈਦ ਕੀਤੀ। ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਕਨਵੀਨਰ ਸਾਹਿਬ ਥਿੰਦ ਨੇ ਗਿਆਨੀ ਨਾਹਰ ਸਿੰਘ ਦੇ ਯੋਗਦਾਨ ਅੱਗੇ ਸਿਰ ਝੁਕਾਉਂਦਿਆਂ ਆਪਣੀ ਸੰਸਥਾ ਵੱਲੋਂ ਵੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਗਿਆਨੀ ਨਾਹਰ ਸਿੰਘ ਦੀ ਤਸਵੀਰ ਲਾਉਣ ਦੀ ਪ੍ਰੋੜਤਾ ਕੀਤੀ। ਪੰਜਾਬੀ ਕਵੀ ਮੋਹਨ ਗਿੱਲ ਨੇ ਭਾਈ ਹਰਭਜਨ ਸਿੰਘ ਚਮਿੰਡਾ ਦੀ ਕਵਿਤਾ ਰਾਹੀਂ ਗਿਆਨੀ ਨਾਹਰ ਸਿੰਘ ਨੂੰ ਯਾਦ ਕੀਤਾ, ਸੁਰਜੀਤ ਮਾਧੋਪੁਰੀ ਤੇ ਹਰਚੰਦ ਸਿੰਘ ਬਾਗੜੀ ਨੇ ਇਸ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਗੀਤ ਪੇਸ਼ ਕੀਤੇ।

ਸਮਾਗਮ ਦੇ ਦੂਜੇ ਪੜਾਅ ਦੌਰਾਨ ਸਮਾਜ, ਭਾਈਚਾਰਾ ਅਤੇ ਪੰਜਾਬੀ ਪੱਤਰਕਾਰੀ ਲਈ ਵੱਡਮੁੱਲੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਚੜ੍ਹਦੀ ਕਲਾ ਟਾਈਮ ਟੀ.ਵੀ. ਦੇ ਸੀ.ਈ.ਓ. ਹਰਪ੍ਰੀਤ ਸਿੰਘ ਦਰਦੀ ਨੂੰ “ਕੌਮੀ ਦਰਦ ਯਾਦਗਾਰੀ ਐਵਾਰਡ”, ਵੈਨਕੂਵਰ ਤੋਂ ਛਪਦੇ ਪੰਜਾਬੀ ਵੀਕਲੀ ਅਖਬਾਰ “ਪੰਜਾਬੀ ਹੈਰੀਟੇਜ” ਦੇ ਸੰਪਾਦਕ ਲਖਵੀਰ ਸਿੰਘ ਖੰਗੂੜਾ ਨੂੰ “ਪੰਜਾਬੀ ਰਤਨ ਯਾਦਗਾਰੀ ਐਵਾਰਡ” ਅਤੇ ਖਾਲਸਾ ਸਕੂਲ ਸਰੀ ਦੇ ਗੁਰਮਤਿ ਵਿਭਾਗ ਦੇ ਮੁਖੀ ਗਿਆਨੀ ਕੁਲਵਿੰਦਰ ਸਿੰਘ ਨੂੰ “ਰੋਜ਼ਾਨਾ ਸਿੱਖ ਸੇਵਕ ਯਾਦਗਾਰੀ ਐਵਾਰਡ” ਨਾਲ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ। ਰੋਜ਼ਾਨਾ ਅਖਬਾਰ “ਚੜ੍ਹਦੀ ਕਲਾ” ਪਟਿਆਲਾ ਵੱਲੋਂ ਗਿਆਨੀ ਨਾਹਰ ਸਿੰਘ ਜੀ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਵੀ ਰਿਲੀਜ਼ ਕੀਤਾ ਗਿਆ। ਸਮਾਗਮ ਦੇ ਪਹਿਲੇ ਸੈਸ਼ਨ ਦਾ ਸੰਚਾਲਨ ਲਖਵੀਰ ਸਿੰਘ ਖੰਗੂੜਾ ਅਤੇ ਦੂਜੇ ਸੈਸ਼ਨ ਦਾ ਸੰਚਾਲਨ ਬਿੱਕਰ ਸਿੰਘ ਖੋਸਾ ਨੇ ਬਾਖੂਬੀ ਕੀਤਾ।

ਸਮਾਗਮ ਵਿਚ ਹੋਰਨਾਂ ਤੋ. ਇਲਾਵਾ ਗਿਆਨੀ ਨਾਹਰ ਸਿੰਘ ਪੜਪੋਤਰਾ ਜਸਨਾਮ ਸਿੰਘ (ਅਮਰੀਕਾ), ਡਾ. ਜਸਵੰਤ ਸਿੰਘ (ਅਮਰੀਕਾ), ਪ੍ਰਸਿੱਧ ਸਾਹਿਤਕਾਰ ਜਰਨੈਲ ਸਿੰਘ ਸੇਖਾ, ਅੰਗਰੇਜ਼ ਸਿੰਘ ਬਰਾੜ, ਕਥਾ ਵਾਚਕ ਸੁਰਿੰਦਰ ਸਿੰਘ ਗੌਰੀ, ਪਰਮਜੀਤ ਸਿੰਘ ਰੰਧਾਵਾ, ਚਰਨਜੀਤ ਸਿੰਘ ਮਰਵਾਹਾ, ਡਾ. ਗੁਰਨਾਮ ਸਿੰਘ ਸੰਘੇੜਾ, ਗਿਆਨ ਸਿੰਘ ਨਾਮਧਾਰੀ, ਗੁਰਮੇਜ ਸਿੰਘ ਪੁਰੇਵਾਲ, ਧਰਮ ਸਿੰਘ ਪਨੇਸਰ, ਬੰਤਾ ਸੰਘ ਸੰਭਰਵਾਲ, ਭਾਈ ਹਰਵੀਨ ਸਿੰਘ, ਗੁਰਮੀਤ ਸਿੰਘ ਬੌਬੀ, ਤੇਜਵੰਤ ਸਿੰਘ ਦਿੱਲੀ, ਦਵਿੰ-ਦਰ ਸਿੰਘ, ਸੁਖਜਿੰਦਰ ਸਿੰਘ, ਜਰਨੈਲ ਸਿੰਘ, ਅਮਰਜੀਤ ਸਿੰਘ ਅਤੇ ਵੱਡੀ ਗਿਣਤੀ ਵਿਚ ਲੋਅਰ ਮੇਨਲੇਂਡ ਦੀਆਂ ਉੱਘੀਆਂ ਸ਼ਖ਼ਸੀਅਤਾਂ, ਜਿਨ੍ਹਾਂ ਵਿਚ ਗੁਰੂ ਘਰਾਂ ਦੇ ਪ੍ਰਬੰਧਕ, ਨਾਮਵਰ ਲੇਖਕ, ਵਿਦਵਾਨ, ਪੱਤਰਕਾਰ, ਸਮਾਜ ਸੇਵੀ ਤੇ ਪੰਥ ਦਰਦੀ ਸ਼ਾਮਲ ਸਨ। ਢਾਈ ਘੰਟੇ ਚੱਲਿਆ ਇਹ ਸਮਾਰੋਹ ਸਭਨਾਂ ਲਈ ਬਹੁਤ ਹੀ ਲਾਹੇਵੰਦ ਅਤੇ ਯਾਦਗਾਰੀ ਹੋ ਨਿੱਬੜਿਆ।

## ਨਾਗਰਿਕਤਾ ਸੋਧ ਬਿੱਲ

# ਧਰਮਾਂ ਬਾਰੇ ਅਮਰੀਕੀ ਕਮਿਸ਼ਨ ਨੇ ਅਮਿਤ ਸ਼ਾਹ ਉੱਤੇ ਪਾਬੰਦੀ ਦੀ ਮੰਗ ਚੁੱਕ ਦਿੱਤੀ



ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਅੰਤਰਰਾਸ਼ਟਰੀ ਧਾਰਮਕ ਆਜ਼ਾਦੀਬਾਰੇ ਅਮਰੀਕਾ ਦੇ ਫੈਡਰਲ ਕਮਿਸ਼ਨ (ਯੂਐਸਸੀਆਈਆਰਐਫ਼) ਦਾਕ-ਹਿਣਾ ਹੈ ਕਿ ਨਾਗਰਿਕਤਾ ਸੋਧ ਬਿੱਲ ਗਲਤ ਦਿਸ਼ਾ ਨੂੰਚੁੱਕਿਆ ਗਿਆ ਇਕ ਬੜਾ ਖਤਰਨਾਕ ਕਦਮ ਹੈ ਅਤੇ ਜੇ ਇਹ ਭਾਰਤ ਦੀ ਪਾਰਲੀਮੈਂਟ ਵਿਚ ਪਾਸ ਹੁੰਦਾ ਹੈ ਤਾਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖ਼ਿਲਾਫ ਪਾਬੰਦੀ ਲਾਈ ਜਾਣੀ ਚਾਹੀਦੀ ਹੈ। ਯੂਐਸਸੀਆਈਆਰਐਫ਼ ਨੇ ਸੋਮਵਾਰ ਨੂੰ ਜਾਰੀ ਬਿਆਨ ਵਿਚ ਕਿਹਾ ਕਿ ਇਸ ਬਿੱਲ ਦਾ ਲੋਕਸਭਾ ਵਿਚ ਪਾਸ ਹੋਣਾ ਬੇਹੱਦ ਚਿੰਤਾਜਨਕ ਗੱਲ ਹੈ।

ਵਰਨਣ ਯੋਗ ਹੈ ਕਿ ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਸਦਨ, ਲੋਕ ਸਭਾ ਨੇ ਬੀਤੇ ਸੋਮਵਾਰ ਇਸ ਨਾਗਰਿਕਤਾ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਸੀ, ਜਿਸ ਵਿਚ ਅਫ਼ਗਾਨਿਸਤਾਨ, ਬੰਗਲਾ ਦੇਸ਼ ਤੇ ਪਾਕਿਸਤਾਨ ਤੋਂ ਧਾਰਮਕ ਪੱਖੋਂ ਜ਼ੁਲਮਾਂ ਦੇ ਕਾਰਨ 31 ਦਸੰਬਰ 2014 ਤੱਕ ਭਾਰਤ ਆਏ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾਦਿੱਤੀ ਜਾਵੇਗੀ। ਬਿੱਲ ਦੇ ਪੱਖ ਵਿਚ 311 ਵੋਟਾਂ ਸਨਤੇ ਵਿਰੋਧ ਵਿਚ 80 ਪਈਆਂ ਸਨ, ਜਿਸਨਾਲ ਇਸ ਨੂੰ ਲੋਕ ਸਭਾ ਨੇ ਮਨਜ਼ੂਰੀ ਦੇ ਦਿੱਤੀ ਸੀ। ਅੱਗੋਂ ਇਹ ਰਾਜ ਸਭਾ ਵਿਚ ਪੇਸ਼ ਕੀਤਾ ਜਾਵੇਗਾ। ਅਮਰੀਕਾ ਦੇ ਫੈਡਰਲ ਕਮਿਸ਼ਨ ਨੇ ਕਿਹਾ, ‘ਜੇ ਨਾਗਰਿਕਤਾ ਬਿੱਲ ਦੋਵੇਂ ਹਾਊਸਾਂ ਤੋਂ ਪਾਸ ਹੋ ਜਾਂਦਾ ਹੈ ਤਾਂ ਅਮਰੀਕੀ ਸਰਕਾਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮੁੱਖ ਲੀਡਰਸ਼ਿਪ ਉੱਤੇ ਪਾਬੰਦੀ ਲਾਉਣ ਦੀ ਵਿਚਾਰ ਕਰਨੀ ਚਾਹੀਦੀ ਹੈ’।

ਭਾਰਤੀ ਵਿਦੇਸ਼ ਮੰਤਰਾਲੇ ਨੇ ਅਮਰੀਕਾ ਦੇ ਇਸ ਫੈਡਰਲ ਕਮਿਸ਼ਨ ਦੇ ਬਿਆਨ ਉੱਤੇ ਇਤਰਾਜ਼ ਕੀਤਾ ਹੈ। ਇਸ ਸੰਬੰਧ ਵਿੱਚ ਭਾਰਤ ਦਾ ਕਹਿਣਾ ਹੈ ਕਿ ਨਾਗਰਿਕਤਾ ਸੋਧ ਬਿੱਲ ਅਤੇ ਨੈਸ਼ਨਲ ਸਿਟੀਜ਼ਨ ਰਜਿਸਟਰੇਸ਼ਨ (ਐਨਆਰਸੀ)ਦੀ ਪ੍ਰਕਿਰਿਆ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਭਾਰਤੀ ਨਾਗਰਿਕ ਦੀ ਨਾਗਰਿਕਤਾ ਖਤਮ ਨਹੀਂ ਕਰਨਾ ਚਾਹੁੰਦੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ‘ਇਹ ਅਫਸੋਸ ਦੀ ਗੱਲ ਹੈ ਕਿ ਅਮਰੀਕੀ ਕਮਿਸ਼ਨ ਨੇ ਇਸ ਮੁੱਦੇ ਤੋਂ ਪੱਖਪਾਤੀ ਗੱਲ ਕੀਤੀ ਹੈ, ਜਿਸ ਉੱਤੇ ਕੁਝ ਕਹਿਣ ਦਾ ਉਸ ਦਾ ਹੱਕ ਨਹੀਂ ਹੈ’।

ਅਮਰੀਕਾ ਦੇ ਇਸ ਕਮਿਸ਼ਨ ਨੇ ਅਸਾਮ ਵਿਚ ਚੱਲ ਰਹੀ ਐਨਆਰਸੀ ਦੀ ਪ੍ਰਕਿਰਿਆ ਅਤੇ ਗ੍ਰਹਿ ਮੰਤਰੀ ਵਲੋਂ ਸਾਰੇ ਦੇਸ਼ ਵਿਚ ਐਨਆਰਸੀ ਲਾਗੂ ਕਰਨ ਬਾਰੇ ਕਿਹਾ ਕਿਉਨ੍ਹਾਂ ਨੂੰ ਡਰ ਹੈ ਕਿ ਭਾਰਤ ਸਰਕਾਰ ਭਾਰਤੀ ਨਾਗਰਿਕਤਾ ਲਈ ਧਾਰਮਿਕ ਪਰੀਖਣ ਦੇ ਹਾਲਾਤ ਬਣਾ ਰਹੀ ਹੈ, ਜਿਸ ਨਾਲ ਲੱਖਾਂ ਮੁਸਲਮਾਨਾਂ ਦੀ ਨਾਗਰਿਕਤਾ ਨੂੰ ਖਤਰਾ ਹੋ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਬੀਤੇਕਰੀਬ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਅਮਰੀਕਾ ਦੇ ਇਸ ਕਮਿਸ਼ਨ ਦੇ ਬਿਆਨਾਂ ਅਤੇ ਸਾਲਾਨਾ ਰਿਪੋਰਟਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

# ਹਥਿਆਰਾਂ ਦੀ ਹੱਦਬੰਦੀ ਬਾਰੇ ਬਿੱਲ ਪਾਰਲੀਮੈਂਟ ਵਿੱਚੋਂ ਪਾਸ

ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਨੇ ਅੱਜ ਮੰਗਲਵਾਰ ਨੂੰ ਆਰਮਜ਼ ਕੰਟਰੋਲ ਸੋਧ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚ ਪਾਬੰਦੀ ਵਾਲੇ ਹਥਿਆਰ ਬਣਾਉਣ ਦੀ ਉਮਰ ਕੈਦ ਦੀ ਸਜ਼ਾ ਦਾ ਪਬੰਧ ਕਰ ਦਿੱਤਾ ਗਿਆ ਹੈ। ਹਾਲੇ ਤੱਕ ਹਰ ਨਾਗਰਿਕ ਨੂੰ ਇਕ ਲਾਇਸੈਂਸ ਉੱਤੇ ਤਿੰਨ ਹਥਿਆਰ ਤਕ ਰੱਖ ਸਕਣ ਦੀ ਖੁੱਲ੍ਹ ਹੈ। ਇਸ ਬਿੱਲ ਦੇ ਬਾਅਦਇਸ ਉੱਤੇ ਵੀ ਪਾਬੰਦੀ ਲੱਗ ਜਾਵੇਗੀ। ਲੋਕ ਸਭਾ ਵੱਲੋਂ ਪਹਿਲਾਂ ਪਾਸ ਕੀਤੇ ਗਏ ਇਸ ਬਿੱਲ ਨੂੰ ਚਰਚਾ ਤੋਂ ਬਾਅਦ ਰਾਜ ਸਭਾ ਨੇ ਅੱਜ ਆਵਾਜ਼ ਦੀ ਵੋਟ ਨਾਲ ਪਾਸ ਕਰ ਦਿੱਤਾ।

ਇਸ ਤੋਂ ਪਹਿਲਾਂ ਇਸ ਉੱਤੇ ਚਰਚਾ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਜੀ. ਕਿਸ਼ਨ ਰੈੱਡੀ ਨੇ ਕਿਹਾ, ‘1959 ਦੇ ਆਰਮਜ਼ ਐਕਟ ਵਿੱਚ ਕਈ ਕਮੀਆਂ ਸਨ ਤੇ ਇਸ ਬਿੱਲ ਦੇ ਨਾਲ ਉਨ੍ਹਾਂ ਨੂੰ ਦੂਰ ਕੀਤਾ ਜਾ ਰਿਹਾ ਹੈ।’ ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਨੂੰ ਵੇਚਣ ਅਤੇ ਤਸਕਰੀ ਕਰਨ ਵਾਲਿਆਂ ਨੂੰ ਉਮਰਕੈਦ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ, ਇਸ ਲਈ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ। ਪੁਲਸ ਤੋਂ ਹਥਿਆਰ ਖੋਹਣ ਅਤੇ ਚੋਰੀ ਕਰਨ ਵਾਲਿਆਂ ਲਈ ਵੀ ਸਖਤ ਕਾਨੂੰਨ ਬਣਾਇਆ ਗਿਆ ਹੈ। ਪਾਬੰਦੀਸ਼ੁਦਾ ਅਸਲਾ ਰੱਖਣ ਵਾਲਿਆਂ ਨੂੰ 7 ਤੋਂ 14 ਸਾਲ ਦੀ ਸਜ਼ਾ ਦਾ ਕਾਨੂੰਨ ਬਣਾਇਆ ਗਿਆ ਹੈ। ਇਸ ਬਿੱਲ ਵਿੱਚ ਲਾਇਸੈਂਸ ਹਥਿਆਰ ਦੇ ਨਵੀਨੀਕਰਨ ਦੀ ਮਿਆਦ ਤਿੰਨ ਸਾਲਾਂ ਤੋਂ ਵਧਾ ਕੇ ਪੰਜ ਸਾਲ ਕੀਤੇ ਜਾਣ ਦਾ ਪ੍ਰਬੰਧ ਵੀ ਕੀਤਾ ਜਾਣ ਵਾਲਾ ਹੈ। ਬਿੱਲ ਉੱਤੇ ਹੋਈ ਚਰਚਾ ਦੌਰਾਨ ਬਹੁਤੇ ਮੈਂਬਰਾਂ ਨੇ ਇਸ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਤਿਉਹਾਰਾਂ, ਵਿਆਹ ਜਾਂ ਹੋਰ ਖੁਸ਼ੀ ਦੇ ਮੌਕੇ ਫਾਇਰਿੰਗ ਕਰਨ ਵਾਲਿਆਂ ਉੱਤੇ ਸਖਤੀ ਹੋਣੀ ਚਾਹੀਦੀ ਹੈ। ਸਾਲ 2016 ਵਿੱਚ 169 ਲੋਕਾਂ ਦੀ ਅਜਿਹੀਆਂ ਹਵਾਈ ਫਾਇਰਿੰਗ ਦੀਆਂ ਘਟਨਾਵਾਂ ਵਿੱਚ ਜਾਨ ਗਈ ਸੀ।

# ਕੁੱਤਾ ਅੱਗੇ ਆਉਣ ਨਾਲ ਦੋ ਕਾਰਾਂ ਦੀ ਟੱਕਰ, ਇੱਕ ਜਣੇ ਦੀ ਮੌਤ, ਦੂਜਾ ਜ਼ਖਮੀ




ਕਿਸ਼ਨਗੜ੍ਹ, 10 ਦਸੰਬਰ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ ਉਤੇ ਅੱਡਾ ਕਾਲਾ ਬੱਕਰਾ ਨੇੜੇ ਵਾਪਰੇ ਸੜਕ ਹਾਦਸੇ 'ਚ ਇੱਕ ਕਾਰ ਚਾਲਕ ਦੀ ਮੌਕੇ 'ਤੇ ਮੌਤ ਹੋ ਗਈ ਹੈ।

ਪਤਾ ਲੱਗਾ ਹੈ ਕਿ ਇੱਕ ਆਈ-20 ਕਾਰ, ਜਿਸ ਨੂੰ ਸੰਦੀਪ ਰੂਪ ਰਾਏ ਪੁੱਤਰ ਮੋਹਣ ਲਾਲ ਵਾਸੀ ਫਤਿਹਪੁਰ ਰੋਡ ਹੁਸ਼ਿਆਰਪੁਰ ਚਲਾ ਰਿਹਾ ਸੀ, ਭੋਗਪੁਰ ਵੱਲੋਂ ਜਲੰਧਰ ਵੱਲ ਜਾ ਰਹੀ ਸੀ। ਜਦ ਉਹ ਕਾਰ ਕਾਲਾ ਬੱਕਰਾ ਅੱਡਾ ਕੋਲ ਗਈ ਤਾਂ ਉਸ ਦੇ ਸਾਹ-ਮਣੇ ਇੱਕ ਅਵਾਰਾ ਕੁੱਤਾ ਆ ਗਿਆ, ਜਿਸ ਨੂੰ ਬਚਾਉਣ ਦੇ ਚੱਕਰ 'ਚ ਕਾਰ ਚਾਲਕ ਨੇ ਬ੍ਰੇਕਾਂ ਲਾਈਆਂ। ਇਕਦਮ ਬ੍ਰੇਕਾਂ ਲੱਗਣ ਕਾਰਨ ਕਾਰ ਚਾਲਕ ਆਪਣਾ ਸੰਤੁਲਨ ਗੁਆ ਬੈਠਾ ਤੇ ਕਾਰ ਬੇਕਾਬੂ ਹੋ ਕੇ ਡਿਵਾਈਡਰ 'ਤੇ ਲੱਗੇ ਸਾਈਨ ਬੋਰਡ ਵਾਲੇ ਖੰਭੇ ਨੂੰ ਤੋੜਦੀ ਹੋਈ ਪਲਟੀਆਂ ਖਾ ਕੇ ਦੂਸਰੀ ਸਾਈਡ ਵਾਲੀ ਸੜਕ 'ਤੇ ਜਲੰਧਰ ਵੱਲੋਂ ਆਈ ਇੱਕ ਹੋਰ ਕਾਰ, ਜਿਸ ਨੂੰ ਦੀਵਾਨ ਚੰਦ ਪੁੱਤਰ ਕਰਤਾਰ ਚੰਦ ਵਾਸੀ ਜਲੰਧਰ ਚਲਾ ਰਿਹਾ ਸੀ, ਨਾਲ ਟਕਰਾ ਗਈ ਤੇ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ।ਟਰੱਕ ਐਨੀ ਜ਼ਬਰਦਸਤ ਸੀ ਕਿ ਭੋਗਪੁਰ ਤੋਂ ਜਲੰਧਰ ਵੱਲ ਜਾ ਰਹੀ ਕਾਰ ਦੇ ਚਾਲਕ ਸੰਦੀਪ ਰੂਪ ਰਾਏ ਦੀ ਮੌਕੇ 'ਤੇ ਮੌਤ ਹੋ ਗਈ, ਦੂਸਰੀ ਕਾਰ ਦਾ ਚਾਲਕ ਦੀਵਾਨ ਚੰਦ ਜ਼ਖਮੀ ਹੋ ਗਿਆ ਤੇ ਉਸ ਦੀ ਇੱਕ ਬਾਂਹ ਟੁੱਟ ਗਈ। ਸਥਾਨਕ ਲੋਕਾਂ ਨੇ ਜ਼ਖਮੀਆਂ ਨੂੰ ਨੇੜੇ ਪੈਂਦੇ ਸਰਕਾਰੀ ਕਮਿਊਨਿਟੀ ਹੈਲਥ ਸੈਂਟਰ ਕਾਲਾ ਬੱਕਰਾ ਵਿਖੇ ਪੁਚਾਇਆ ਤਾਂ ਜ਼ਖਮੀ ਦੀਵਾਨ ਚੰਦ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ।







Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available


Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



“Your neighborhood broker, Call Paramjit Deol Today”

**Mississauga $134,000**

17 Tannery St: Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900**

7215 Goreway Dr 70: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities


**St. Catharines $189,000**


198 Glenridge Ave 5: Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch


**Mississauga $199,900**
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!


**Mississauga $299,000**
GINO'S PIZZA
136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900**
Photo Not Available
7120 Pacific Circ B : Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999**

328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000**

90 Dale Ave 407: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins


**Mississauga $449,000**

2556 Argyle Rd 1104: Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New


**Richmond Hill $560,000**

8868 Yonge St 222E : Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000**

32 Tollgate St : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900**

29 Phillip Ave: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000**

87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**

785 Craig Carrier Crt: Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000**
Photo Not Available
115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019


ਪੰਜ ਪਿਆਰਾ ਭਾਈ ਸਤਨਾਮ ਸਿੰਘ ਖੰਡਾ ਦਾ ਸਿੰਘ ਗੁਰੂਘਰ ਜੋਤਪ੍ਰਕਾਸ ਸਾਹਿਬ ਵਿਖੇ ਸਨਮਾਨ ਕੀਤਾ ਗਿਆ।

# ਸਾਧੂ ਸਿੰਘ ਧਰਮਸੋਤ ਨੇ ਐਸਸੀ ਅਤੇ ਬੀਸੀ. ਕਾਰਪੋਰੇਸ਼ਨਾਂ ਨਾਲ ਕੀਤੀ ਸਮੀਖਿਆ ਮੀਟਿੰਗ



ਚੰਡੀਗੜ੍ਹ, 10 ਦਸੰਬਰ(ਗਿਆਨ ਸਿੰਘ)- ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਸ. ਸਾਧੂ ਸਿੰਘ ਧਰਮਸੋਤ ਨੇ ਸੂਬੇ ਦੇ ਪੱਛੜੀ ਸ਼ੇਣੀਆਂ, ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਵਰਗ ਨਾਲ ਸਬੰਧਤ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ ਦਿੱਤੇ ਜਾਂਦੇ ਕਰਜ਼ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ 'ਤੇ ਜ਼ੋਰ ਦਿੱਤਾ ਹੈ।ਅੱਜ ਇੱਥੇ ਐਸ.ਸੀ. ਅਤੇ ਬੀ.ਸੀ. ਕਾਰਪੋਰੇਸ਼ਨਾਂ ਦੇ ਉੱਚ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ ਦੌਰਾਨ ਸ. ਧਰਮਸੋਤ ਨੇ ਕਿਹਾ ਕਿ ਪੱਛੜੀ ਸ਼ੇਣੀਆਂ, ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਵਰਗ ਨਾਲ ਸਬੰਧਤ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਸ਼ੁਰੂ ਕਰਨ ਲਈ ਕਰਜ਼ਾ ਨਿਰਧਾਰਤ ਸਮਾਂ ਸੀਮਾ 'ਚ ਦੇਣ ਲਈ ਨਿਯਮਾਂ 'ਚ ਸੋਧ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਭਲਾਈ ਅਧਿਕਾਰੀ ਦੀ ਪ੍ਰਧਾਨਗੀ 'ਚ ਬਣੀ ਕਮੇਟੀ ਨੂੰ 1 ਲੱਖ ਤੱਕ ਦੇ ਵੱਖ-ਵੱਖ ਕਰਜ਼ੇ ਪਾਸ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ ਅਤੇ ਛੇਤੀ ਹੀ ਇਸ ਸਬੰਧੀ ਵਿਭਾਗੀ ਹੁਕਮ ਜਾਰੀ ਕਰ ਦਿੱਤੇ ਜਾਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਉਨ੍ਹਾਂ ਕਰਜ਼ਦਾਰਾਂ ਦੇ ਕਰਜ਼ੇ ਮੁਆਫ਼ ਕਰਨ ਸਬੰਧੀ ਪ੍ਰਸਤਾਵ ਤਿਆਰ ਕਰਨ ਲਈ ਵੀ ਕਿਹਾ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਸ. ਧਰਮਸੋਤ ਨੇ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਵੈ-ਰੁਜ਼ਗਾਰ ਸ਼ੁਰੂ ਕਰਨ ਲਈ ਸੂਬਾ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਕਰਜ਼ਾ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।ਵਰਣਨਯੋਗ ਹੈ ਕਿ ਬੈਕਫਿੰਕੋ ਅਤੇ ਐਸ. ਸੀ. ਕਾਰਪੋਰੇਸ਼ਨ ਵਲੋਂ ਸਿੱਧਾ ਕਰਜ਼ਾ ਸਕੀਮ ਤਹਿਤ 6 ਫੀਸਦੀ ਦੀ ਵਿਆਜ ਦਰ 'ਤੇ 50 ਹਜ਼ਾਰ ਤੋਂ 1 ਲੱਖ ਤੱਕ ਦਾ ਕਰਜ਼ਾ ਮੁਹੱਈਆ ਕਰਵਾਇਆ ਜਾਂਦਾ ਹੈ। ਇਹ ਖੇਤੀਬਾੜੀ ਦੇ ਸੰਦਾਂ ਲਈ ਕਰਜ਼ਾ ਡੇਅਰੀ ਫਾਰਮਿੰਗ (3-5 ਪਸ਼ੂ), ਪੋਲਟਰੀ ਫਾਰਮਿੰਗ, ਸ਼ਬਜੀਆਂ ਉਗਾਉਣਾ, ਸ਼ਹਿਦ ਦੀਆਂ ਮੱਖੀਆਂ ਪਾਲਣ ਲਈ, ਕਾਰਪੈਂਟਰੀ/ਫਰਨੀਚਰ/ਲੁਹਾਰਾ ਕੰਮ, ਆਟਾ ਚੱਕੀ/ਕੋਹਲੂ, ਆਟੋ ਰਿਕਸ਼ਾ (ਪੈਸੰਜਰ/ਢੋਆ ਢੁਆਈ), ਜਨਰਲ ਸਟੋਰ (ਕਰਿਆਨਾ/ਕੈਟਲ/ਪੋਲਟਰੀ ਫੀਡ), ਹਾਰਡਵੇਅਰ ਸਟੋਰ (ਸੈਟਰੀ ਅਤੇ ਬਿਲਡਿੰਗ ਮੈਟੀਰੀਅਲ, ਲੋਹਾ ਆਦਿ), ਕੱਪੜਾ/ਰੈਡੀਮੇਡ ਗਾਰਮੈਂਟ ਸ਼ਾਪ, ਕਿਤਾਬਾਂ/ਸਟੇਸ਼ਨਰੀ ਦੀ ਦੁਕਾਨ, ਫੋਟੋ ਸਟੈਟ ਮਸ਼ੀਨ, ਟੇਲਰਿੰਗ, (ਫੈਬਰੀਕੇਸ਼ਨ), ਆਟੋ ਮੋਬਾਇਲ ਰਿਪੇਅਰ/ਸਪੇਅਰ ਪਾਰਟਸ ਸ਼ਾਪ, ਇਲੈਕਟ੍ਰੋਨਿਕਸ/ਇਲੈਕਟ੍ਰੀਕਲ ਸੇਲ ਤੇ ਰਿਪੇਅਰ, ਫੈਬਰੀਕੇਸ਼ਨ ਯੂਨਿਟ, ਫੋਟੋਗਰਾਫੀ ਅਤੇ ਵੀਡੀਉਗਰਾਫੀ, ਹੌਜਰੀ ਯੂਨਿਟ, ਸਮਾਲ ਸਕੇਲ ਇੰਡਸਟਰੀਅਲ ਯੂਨਿਟ (ਕੋਈ ਵੀ ਸਮਾਨ ਬਣਾਉਣ ਦਾ ਕਾਰੋਬਾਰ), ਸਵੀਟ ਸ਼ਾਪ/ਢਾਬਾ, ਬਿਊਟੀ ਪਾਰਲਰ ਅਤੇ ਪੰਡਾਲ ਜਾਂ ਸ਼ਾਮਿਆਨਾ ਸਰਵਿਸ ਆਦਿ ਕਿੱਤੇ ਸ਼ੁਰੂ ਕਰਨ ਲਈ ਲਏ ਜਾ ਸਕਦੇ ਹਨ। ਬੈਕਫਿੰਕੋ ਅਤੇ ਐਸ.ਸੀ. ਕਾਰਪੋਰੇਸ਼ਨ ਤੋਂ ਕਰਜ਼ਾ ਲੈਣ ਲਈ ਨਿਰਧਾਰਿਤ ਯੋਗਤਾਵਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

## ਪੰਚਕੂਲਾ ਡੇਰਾ ਹਿੰਸਾ ਮਾਮਲਾ: ਹਿੰਸਾ 'ਚ 40 ਮੌਤਾਂ ਦਾ ਜ਼ਿੰਮੇਵਾਰ ਹੋਏਗੀ ਤੈਅ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪੰਚਕੂਲਾ 'ਚ ਡੇਰਾ ਪ੍ਰਮੁੱਖ ਗੁਰਮੀਤ ਰਾਮ ਰਹੀਮ ਨੂੰ ਰੇਪ ਕੇਸ 'ਚ ਸੀ.ਬੀ.ਆਈ. ਕੋਰਟ ਵਲੋਂ ਸੁਣਾਈ ਸਜ਼ਾ ਤੋਂ ਬਾਅਦ ਭੜਕੀ ਹਿੰਸਾ 'ਚ 40 ਲੋਕਾਂ ਦੀ ਮੌਤ ਅਤੇ 100 ਤੋਂ ਜ਼ਿਆਦਾ ਜਖ਼ਮੀ ਹੋ ਗਏ ਸਨ। ਹਿੰਸਾ 'ਚ ਨਿਜੀ ਅਤੇ ਸਰਕਾਰੀ ਜਾਇਦਾਦ ਨੂੰ ਜਲਾਇਆ ਅਤੇ ਤੋੜਿਆ ਗਿਆ ਸੀ, ਜਿਸ ਦੀ ਕੀਮਤ ਕਰੋੜਾਂ 'ਚ ਆਂਕੀ ਗਈ ਹੈ। ਇਨ੍ਹਾਂ 40 ਮੌਤਾਂ ਦਾ ਜ਼ਿੰਮੇਦਾਰ ਕੌਣ ਹੈ? ਨਿਜੀ ਅਤੇ ਸਰਕਾਰੀ ਜਾਇਦਾਦ ਦੀ ਭਰਪਾਈ ਕੌਣ ਕਰੇਗਾ ? ਹਿੰਸਾ ਭੜਕਾਉਣ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰ ਵਲੋਂ ਕਿਥੇ ਚੂਕ ਹੋਈ? ਅਤੇ ਡੇਰਾ ਸੰਚਾਲਕਾਂ ਦੀ ਭੂਮਿਕਾ ਕੀ ਰਹੀ ਇਨ੍ਹਾਂ ਸਾਰੇ ਤੱਥਾਂ 'ਤੇ ਮੰਗਲਵਾਰ ਤੋਂ ਹਾਈਕੋਰਟ 'ਚ ਟ੍ਰਾਇਲ ਸ਼ੁਰੂ ਹੋਇਆ। ਹਾਈਕੋਰਟ ਦੀ ਫੁਲ ਬੈਂਚ ਦੇ ਸਾਹਮਣੇ ਹੋਈ ਸੁਣਵਾਈ ਦੌਰਾਨ ਕੋਰਟ ਮਿਤਰ ਅਨੁਪਮ ਗੁਪਤਾ ਨੇ ਉਕਤ ਤੱਥਾਂ 'ਤੇ ਇਸ ਤੋਂ ਪਹਿਲਾਂ ਆਏ ਸੁਪਰੀਮ ਕੋਰਟ ਅਤੇ ਹੋਰ ਅਦਾਲਤਾਂ ਦੇ ਹੁਕਮਾਂ ਦਾ ਜ਼ਿਕਰ ਕਰਦਿਆਂ ਕੋਰਟ ਨੂੰ 25 ਅਗਸਤ, 2017 ਨੂੰ ਪੰਚਕੂਲਾ 'ਚ ਭੜਕੀ ਹਿੰਸਾ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ।

ਕੋਰਟ ਮਿੱਤਰ ਦਾ ਕਹਿਣਾ ਸੀ ਕਿ ਭਾਰਤ 'ਚ ਬਾਬਿਆਂ ਦਾ ਕਲਚਰ ਚੱਲ ਰਿਹਾ ਹੈ। ਹਰਿਆਣਾ 'ਚ ਵੀ ਸੰਤ ਰਾਮਪਾਲ ਅਤੇ ਗੁਰਮੀਤ ਰਾਮ ਰਹੀਮ ਨੇ ਸਮਰਥਕਾਂ ਦੀ ਵੱਡੀ ਫੌਜ ਖੜ੍ਹੀ ਕਰ ਲਈ ਸੀ ਜੋ ਖੁਦ ਦੀ ਸਲਤਨਤ ਚਲਾਉਣਾ ਚਾਹੁੰਦੇ ਸਨ। ਫੁਲ ਬੈਂਚ 'ਚ ਚੱਲ ਰਹੀ ਸੁਣਵਾਈ ਦੌਰਾਨ ਜਸਟਿਸ ਰਾਜੀਵ ਸ਼ਰਮਾ ਨੇ ਕੋਰਟ ਮਿਤਰ ਦੀਆਂ ਗੱਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਹੁਣ ਤਾਂ ਦੋ ਹੀ ਚੀਜ਼ਾਂ ਚੱਲਦੀਆਂ ਹਨ- ਬਾਬੇ ਜਾਂ ਢਾਬੇ। ਅਗਲੀ ਸੁਣਵਾਈ 13 ਦਸੰਬਰ ਨੂੰ ਹੋਵੇਗੀ।

## ਮੁੱਖ ਮੰਤਰੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਆਰਮਿਡ ਫੋਰਸਿਜ਼ ਇੰਸਟੀਚਿਊਟ ਵਿੱਚ ਗਰੀਬ ਵਿਦਿਆਰਥੀਆਂ ਨੂੰ 11ਵੀਂ ਤੇ 12ਵੀਂ ਦੀ ਪੜ੍ਹਾਈ ਮੁਫ਼ਤ ਕਰਵਾਉਣ ਦਾ ਐਲਾਨ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਸੂਬੇ ਦੇ ਆਰਥਿਕ ਤੌਰ 'ਤੇ ਪੱਛੜੇ ਯੋਗ ਵਿਦਿਆਰਥੀਆਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਸਹੂਲਤ ਮੁਹੱਈਆ ਕਰਵਾਉਣ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਫੈਸਲਾ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਆਰਮਿਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ ਵਿੱਚ ਦਾਖਲ ਹੋਣ ਵਾਲੇ ਗਰੀਬ ਵਿਦਿਆਰਥੀਆਂ ਦੀ ਗਿਆਰਵੀਂ ਤੇ ਬਾਰ੍ਹਵੀਂ ਦੀ ਪੜ੍ਹਾਈ ਦਾ ਖਰਚਾ ਸੂਬਾ ਸਰਕਾਰ ਸਹਿਣ ਕਰੇਗੀ।

ਮਹਾਰਾਜਾ ਰਣਜੀਤ ਸਿੰਘ ਆਰਮਿਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੀ ਗਵਰਨਿੰਗ ਬਾਡੀ ਦੀ ਚੌਥੀ ਮੀਟਿੰਗ ਤੋਂ ਬਾਅਦ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸੰਸਥਾ ਨੇ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਤਾਲੀਮ ਲਈ ਮੋਹਾਲੀ ਦੇ ਵੱਕਾਰੀ ਪ੍ਰਾਈਵੇਟ ਸਕੂਲ ਨਾਲ ਸਮਝੌਤਾ ਕੀਤਾ ਹੈ। ਸੀਨੀਅਰ ਸੈਕੰਡਰੀ ਸਕੂਲ ਸਿੱਖਿਆ ਲਈ ਮੌਜੂਦਾ ਸਮੇਂ 40 ਅਜਿਹੇ ਵਿਦਿਆਰਥੀਆਂ ਦੀ ਚੋਣ ਹੋਈ ਹੈ ਪਰ ਹਰੇਕ ਵਿਦਿਆਰਥੀ ਨੂੰ ਸਾਲਾਨਾ 45000 ਰੁਪਏ ਅਦਾ ਕਰਨ ਦੀ ਲੋੜ ਹੈ। ਮੁੱਖ ਮੰਤਰੀ ਦੇ ਆਦੇਸ਼ਾਂ 'ਤੇ ਜਿਹੜੇ ਗਰੀਬ ਤੇ ਯੋਗ ਵਿਦਿਆਰਥੀ ਪ੍ਰਵੇਸ਼ ਪ੍ਰੀਖਿਆ ਦੇ ਅਧਾਰ 'ਤੇ ਸੰਸਥਾ ਵਿੱਚ ਦਾਖਲ ਹਨ, ਉਹ ਮੋਹਾਲੀ ਸਕੂਲ ਵਿੱਚ ਸਿੱਖਿਆ ਹਾਸਲ ਕਰਨ ਦੇ ਵੀ ਯੋਗ ਹੋਣਗੇ।

ਸੰਸਥਾ ਦੇ ਵਾਧੂ ਖਰਚਿਆਂ ਬਾਰੇ ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਕਾਰਪਸ ਲਈ 18 ਕਰੋੜ ਦੀ ਰਾਸ਼ੀ ਜੁਟਾਉਣ ਲਈ 8.5 ਕਰੋੜ ਰੁਪਏ ਤੋਂ ਇਲਾਵਾ 9.5 ਕਰੋੜ ਰੁਪਏ ਦੇ ਵਾਧੂ ਫੰਡਾਂ ਦੀ ਮੰਗ ਸਬੰਧੀ ਪੇਸ਼ ਕੀਤੇ ਗਏ ਪ੍ਰਸਤਾਵ ਨੂੰ ਘੋਖਣ ਲਈ ਕਿਹਾ।

ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਅਤੇ ਤਿਆਰ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਨੇ ਡਾਇਰੈਕਟਰ ਜਨਰਲ ਨੂੰ ਸਕੂਲ ਸਿੱਖਿਆ ਦੇ ਸਕੱਤਰ ਦੇ ਸਲਾਹ-ਮਸ਼ਵਰੇ ਨਾਲ ਪ੍ਰਾਈਵੇਟ ਸਕੂਲਾਂ ਵਿੱਚ ਕੈਡਿਟ ਟ੍ਰੇਨਿੰਗ ਵਿੰਗ ਦੀ ਸਥਾਪਨਾ ਦੀ ਯੋਜਨਾ ਦੀ ਤਰਜ਼ 'ਤੇ ਚੋਣਵੇਂ ਸਰਕਾਰੀ ਸਕੂਲਾਂ ਵਿੱਚ ਅਜਿਹੇ ਵਿੰਗ ਸਥਾਪਤ ਕਰਨ ਬਾਰੇ ਤਜਵੀਜ਼ ਤਿਆਰ ਕਰਨ ਦੇ ਹੁਕਮ ਦਿੱਤੇ।

ਅੱਜ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਪਟਿਆਲਾ, ਮੋਹਾਲੀ, ਸੰਗਰੂਰ, ਬਿਆਸ ਅਤੇ ਨਾਭਾ ਦੇ ਚੋਣਵੇਂ ਪ੍ਰਾਈਵੇਟ ਸਕੂਲਾਂ ਵਿੱਚ ਕੈਡਿਟ ਟ੍ਰੇਨਿੰਗ ਵਿੰਗ ਸਥਾਪਤ ਕਰਨ ਲਈ ਲੋੜੀਂਦੇ ਫੰਡਾਂ ਦੀ ਮਨਜ਼ੂਰੀ ਦੇਣ ਲਈ ਵੀ ਕਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਐਨ.ਡੀ.ਏ ਵਿੱਚ ਸ਼ਾਮਲ ਹੋਣ ਲਈ ਸਿਖਲਾਈ ਦਿੱਤੀ ਜਾ ਸਕੇ। ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰੋਗਰਾਮ ਦੇ ਵਿਸਤਾਰ ਦਾ ਸੁਝਾਅ ਦਿੱਤਾ ਜਿਸ ਤਹਿਤ ਸੰਸਥਾ ਚੋਣਵੇਂ ਸਕੂਲਾਂ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਵੀ ਟ੍ਰੇਨਰ ਭੇਜੇਗੀ।

ਮੁੱਖ ਮੰਤਰੀ ਨੇ ਡਾਇਰੈਕਟਰ ਜਨਰਲ ਨੂੰ ਸੀ.ਈ.ਓ. ਪੇਡਾ ਨਾਲ ਮਿਲ ਕੇ 26 ਲੱਖ ਰੁਪਏ ਦੀ ਲਾਗਤ ਵਾਲੇ 50 ਕੇ.ਵੀ. ਰੂਫਟਾਪ ਸੋਲਰ ਪਾਵਰ ਜਨਰੇਸ਼ਨ ਦੀ ਸਥਾਪਨਾ ਲਈ ਸੰਭਾਵਨਾਵਾਂ ਤਲਾਸ਼ਣ ਲਈ ਵੀ ਕਿਹਾ।

ਇਕ ਹੋਰ ਕਦਮ ਚੁੱਕਦਿਆਂ ਮੁੱਖ ਮੰਤਰੀ ਨੇ ਗਵਰਨਿੰਗ ਬਾਡੀ ਦੀ ਮੀਟਿੰਗ ਦੌਰਾਨ ਵਿੱਤ ਵਿਭਾਗ ਨੂੰ ਲੜਕੀਆਂ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ ਦੇ ਕਾਰਪਸ ਵਿੱਚ ਵਾਧੇ ਦੇ ਪ੍ਰਸਤਾਵ ਦੀ ਸਮੀਖਿਆ ਕਰਨ ਲਈ ਵੀ ਕਿਹਾ ਤਾਂ ਜੋ ਇੰਸਟੀਚਿਊਟ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਇਆ ਜਾ ਸਕੇ। ਇੰਸਟੀਚਿਊਟ ਵਿੱਚ 13.20 ਲੱਖ ਰੁਪਏ ਦੀ ਲਾਗਤ ਨਾਲ ਤੁਪਕਾ ਸਿੰਜਾਈ ਪ੍ਰਣਾਲੀ ਅਤੇ ਘੱਟ ਡੂੰਘਾਈ ਵਾਲਾ ਬੋਰਵੈੱਲ ਲਗਾਉਣ ਦੇ ਸਬੰਧ ਵਿੱਚ ਮੁੱਖ ਮੰਤਰੀ ਨੇ ਡਾਇਰੈਕਟਰ ਜਨਰਲ ਨੂੰ ਮੁੱਖ ਭੂਮੀਪਾਲ ਕੋਲ ਇਹ ਮੁੱਦਾ ਉਠਾਉਣ ਲਈ ਕਿਹਾ ਕਿਉਂ ਜੋ ਭੌਂ ਸੰਭਾਲ ਵਿਭਾਗ ਵੱਲੋਂ ਇਸ 'ਤੇ ਸਬਸਿਡੀ ਦਿੱਤੀ ਜਾਂਦੀ ਹੈ। ਇੰਸਟੀਚਿਊਟ ਦੀ ਮੁਰੰਮਤ ਅਤੇ ਰੱਖ-ਰਖਾਅ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਦੇ ਸਕੱਤਰ ਨੂੰ ਇਹ ਮੁੱਦਾ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਕੋਲ ਉਠਾਉਣ ਲਈ ਕਿਹਾ ਤਾਂ ਜੋ ਸਮੇਂ-ਸਮੇਂ 'ਤੇ ਇੰਸਟੀਚਿਊਟ ਦੀ ਮੁਰੰਮਤ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਇਆ ਜਾ ਸਕੇ।

ਮਹਾਰਾਜਾ ਰਣਜੀਤ ਸਿੰਘ ਆਰਮਿਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਜਨਰਲ ਨੇ ਮੁੱਖ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਇਹ ਆਲ੍ਹਾ ਦਰਜੇ ਦੀ ਸੰਸਥਾ 40 ਵਿਦਿਆਰਥੀਆਂ ਨਾਲ ਸਾਲ 2011 ਵਿੱਚ ਸ਼ੁਰੂ ਕੀਤੀ ਗਈ ਸੀ। ਸੱਤ ਬੈਚ ਤੋਂ ਹੁਣ ਤੱਕ 134 ਕੈਡਿਟਾਂ ਨੂੰ ਵੱਖ-ਵੱਖ ਸਰਵਿਸ ਅਕੈਡਮੀਆਂ ਵਿੱਚ ਭੇਜਿਆ ਜਾ ਚੁੱਕਾ ਹੈ।

## ਵਿਨੀ ਮਹਾਜਨ ਵੱਲੋਂ ਡੀ.ਪੀ.ਆਈ.ਆਈ.ਟੀ. ਵੱਲੋਂ ਸੁਝਾਏ ਸਾਰੇ ਸੁਧਾਰਾਂ ਦੇ ਲਾਗੂਕਰਨ ਲਈ ਸਮਾਂਬੱਧ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼

### *ਜ਼ਿਲ੍ਹਾ ਕਾਰੋਬਾਰ ਸੁਧਾਰਾਂ ਬਾਰੇ ਸੂਬਾ ਪੱਧਰੀ ਵਰਕਸ਼ਾਪ ਦੀ ਕੀਤੀ ਪ੍ਰਧਾਨਗੀ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹਾ ਪੱਧਰੀ ਕਾਰੋਬਾਰੀ ਸੁਧਾਰਾਂ 'ਤੇ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਨੂੰ 'ਤੇ ਜ਼ੋਰ ਦਿੰਦਿਆਂ ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਵਿਭਾਗ ਦੇ ਵਧੀਕ ਮੁੱਖ ਸਕੱਤਰ, ਸ਼੍ਰੀਮਤੀ ਵਿਨੀ ਮਹਾਜਨ ਨੇ ਸੂਬਾ ਪੱਧਰ 'ਤੇ ਲਾਗੂ ਹੋ ਚੁੱਕੇ ਸਾਰੇ ਸੁਧਾਰਾਂ ਨੂੰ ਲਾਗੂ ਕਰਨ ਲਈ ਸਮਾਂਬੱਧ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੰਗਲਵਾਰ ਨੂੰ ਮਗਸੀਪਾ ਵਿਖੇ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੋਈ ਸੂਬਾ ਪੱਧਰੀ ਵਰਕਸ਼ਾਪ ਦੀ ਸਮਾਪਤੀ ਤੋਂ ਬਾਅਦ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ਼੍ਰੀਮਤੀ ਵਿਨੀ ਮਹਾਜਨ ਨੇ ਦੱਸਿਆ ਕਿ ਇਨ੍ਹਾਂ ਸੁਧਾਰਾਂ ਦੇ ਲਾਗੂ ਕਰਨ ਦੇ ਅਧਾਰ 'ਤੇ ਹਰੇਕ ਜ਼ਿਲ੍ਹੇ ਦੀ ਦਰਜਾਬੰਦੀ ਉਪਭੋਗਤਾਵਾਂ ਵੱਲੋਂ ਦਿੱਤੇ ਫੀਡਬੈਕ ਦੇ ਅਧਾਰ 'ਤੇ ਕੀਤੀ ਜਾਵੇਗੀ।

ਇਸ ਗੱਲ ਨੂੰ ਦੁਹਰਾਉਂਦਿਆਂ ਕਿ ਵਪਾਰ ਕਰਨ ਨੂੰ ਸੁਖਾਲਾ ਬਣਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ, ਸ਼੍ਰੀਮਤੀ ਵਿਨੀ ਮਹਾਜਨ ਨੇ ਕਿਹਾ ਕਿ ਇਹ ਪੰਜਾਬ ਉਦਯੋਗ ਅਤੇ ਵਪਾਰ ਵਿਕਾਸ ਨੀਤੀ, 2017 ਦਾ ਮੁੱਖ ਧੁਰਾ ਹੈ ਜਿਸਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪਿਛਲੇ ਹਫ਼ਤੇ ਹੋਏ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2019 ਦੌਰਾਨ ਹੋਰ ਬਲ ਮਿਲਿਆ ਹੈ। ਇਸ ਸਬੰਧੀ ਹੋਈ ਪ੍ਰਗਤੀ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਉਦਯੋਗ ਅਤੇ ਵਣਜ ਵਿਭਾਗ ਦੀ ਅਗਵਾਈ ਅਤੇ 14 ਵਿਭਾਗਾਂ ਅਤੇ ਏਜੰਸੀਆਂ ਦੇ ਸਹਿਯੋਗ ਨਾਲ ਡੀ.ਪੀ.ਆਈ.ਆਈ.ਟੀ. ਦੁਆਰਾ ਸੁਝਾਏ 187 ਸੁਧਾਰਾਂ ਦੇ ਲਾਗੂ ਕਰਨ ਦੇ ਸਮਰੱਥ ਹੋਇਆ ਹੈ।

ਡੀ.ਪੀ.ਆਈ.ਆਈ.ਟੀ. ਨੇ ਇੱਕ ਜ਼ਿਲ੍ਹਾ ਪੱਧਰੀ ਕਾਰੋਬਾਰੀ ਸੁਧਾਰ ਯੋਜਨਾ ਸਾਂਝੀ ਕੀਤੀ ਹੈ ਜਿਸ ਵਿੱਚ ਕਾਰੋਬਾਰ ਸ਼ੁਰੂ ਕਰਨ, ਸ਼ਹਿਰੀ ਸਥਾਨਕ ਇਕਾਈ, ਲੈਂਡ ਰਿਫਾਰਮ ਅਨੇਬਲਰ, ਭੌਂ ਪ੍ਰਸ਼ਾਸਨ ਅਤੇ ਪ੍ਰਾਪਰਟੀ ਰਜਿਸਟ੍ਰੇਸ਼ਨ ਅਨੇਬਲਰ, ਉਸਾਰੀ ਲਈ ਮਨਜ਼ੂਰੀ ਲੈਣਾ, ਕਰ ਅਦਾ ਕਰਨਾ, ਹੋਰ ਫੁਟਕਲ ਖ਼ਰਚੇ, ਸ਼ਿਕਾਇਤ ਨਿਵਾਰਣ/ਪੇਪਰਲੈਸ ਅਦਾਲਤਾਂ ਅਤੇ ਕਾਨੂੰਨ ਤੇ ਵਿਵਸਥਾ ਵਰਗੇ 8 ਸੁਧਾਰ ਖੇਤਰਾਂ ਤਹਿਤ 218 ਸਿਫ਼ਾਰਿਸ਼ਾਂ ਸ਼ਾਮਲ ਹਨ। ਇਨ੍ਹਾਂ ਸੁਧਾਰਾਂ ਦੇ 18 ਵਿਭਾਗਾਂ ਵੱਲੋਂ ਲਾਗੂ ਕੀਤੇ ਜਾਣ ਦੀ ਉਮੀਦ ਹੈ।

ਵਰਕਸ਼ਾਪ ਦੌਰਾਨ, ਪ੍ਰੋਜੈਕਟ ਮੈਨੇਜਰ ਸ਼੍ਰੀ ਗਿਰਦਾਰੀ ਲਾਲ ਦੀ ਅਗਵਾਈ ਵਾਲੀ ਡੀ.ਪੀ.ਆਈ.ਆਈ.ਟੀ. ਟੀਮ ਵੱਲੋਂ ਭਾਗੀਦਾਰਾਂ ਨੂੰ ਜ਼ਿਲ੍ਹਾ ਪੱਧਰੀ ਕਾਰੋਬਾਰ ਸੁਧਾਰ ਕਾਰਜ ਯੋਜਨਾ ਦੇ ਲਾਗੂਕਰਨ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ ਗਈ। ਬੁਲਾਰੇ ਅਨੁਸਾਰ ਇਹ ਵਰਕਸ਼ਾਪ ਸਬੰਧਤ ਵਿਭਾਗਾਂ ਨੂੰ ਡੀ.ਪੀ.ਆਈ.ਆਈ.ਟੀ. ਦੀਆਂ ਤਜਵੀਜ਼ਾਂ ਬਾਰੇ ਜਾਣੂੰ ਕਰਵਾਉਣ ਲਈ ਲਗਾਈ ਗਈ ਅਤੇ ਉਨ੍ਹਾਂ ਨੂੰ ਇਸ ਸਬੰਧੀ ਵਿਆਪਕ ਰਣਨੀਤੀ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।


ਬਰਾੜ ਗਰਾਜ ਡੋਰ





ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6

# ਸੰਪਾਦਕੀ

## ਖਾਣਾ, ਰੁਜ਼ਗਾਰ, ਗਰੀਬੀ ਅਤੇ ਉਂਟੇਰੀਓ ਦੀ ਸਥਿਤੀ

ਫੀਡ ਉਂਟੇਰੀਓ (Feed Ontario) ਵੱਲੋਂ ਤਿਆਰ ਕੀਤੀ ਗਈ ਭੁੱਖ ਬਾਰੇ ਰਿਪੋਰਟ (Hunger Report 2019) ਮੁਤਾਬਕ 1 ਅਪਰੈਲ 2018 ਤੋਂ 31 ਮਾਰਚ 2019 ਦੇ ਅਰਸੇ ਵਿੱਚ ਉਂਟੇਰੀਓ ਦੇ ਫੂਡ ਬੈਂਕਾਂ ਵਿੱਚ 5 ਲੱਖ 10 ਹਜ਼ਾਰ 438 ਲੋਕ ਖਾਧ ਪਦਾਰਥ ਹਾਸਲ ਕਰਨ ਲਈ ਰਜਿਸਟਰ ਹੋਏ ਜਿਹਨਾਂ ਨੇ ਸਾਲ ਭਰ ਵਿੱਚ 30 ਲੱਖ ਵਾਰ ਭੋਜਨ ਪਦਾਰਥ ਮੰਗ ਕੇ ਪ੍ਰਾਪਤ ਕੀਤੇ। ਇੱਥੇ ਮੰਗਣ ਤੋਂ ਅਰਥ ਫੂਡ ਬੈਂਕ ਤੋਂ ਖਾਣੇ ਦੀ ਮੰਗ ਕਰਨ ਵਾਲਿਆਂ ਤੋਂ ਹੈ ਨਾ ਕਿ ਗਲੀਆਂ ਸੜਕਾਂ ਉੱਤੇ ਮੰਗਣ ਦੀ ਰਿਵਾਇਤ ਤੋਂ, ਜਿਹਨਾਂ ਦੀ ਟੋਰਾਂਟੋ, ਮਿਸੀਸਾਗਾ ਅਤੇ ਬਰੈਂਪਟਨ ਵਰਗੇ ਸ਼ਹਿਰਾਂ ਦੇ ਮੁੱਖ ਇੰਟਰਸੈਕਸ਼ਨਾਂ ਉੱਤੇ ਅਲੱਗ ਭਰਮਾਰ ਵੇਖੀ ਜਾ ਸਕਦੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਫੂਡ ਬੈਂਕਾਂ ਨੇ ਇੱਕ ਨਵਾਂ ਰੁਝਾਨ ਨੋਟ ਕੀਤਾ ਹੈ ਕਿ ਖਾਣੇ ਲਈ ਮੁਹਤਾਜ ਹੋਣ ਵਾਲਿਆਂ ਵਿੱਚ ਫੁੱਲ ਟਾਈਮ ਜਾਂ ਪਾਰਟ-ਟਾਈਮ ਰੁਜ਼ਗਾਰ ਕਰ ਰਹੇ ਲੋਕਾਂ ਦੀ ਵੱਡੀ ਗਿਣਤੀ ਸ਼ਾਮਲ ਹੋ ਰਹੀ ਹੈ। ਮਾਹਰਾਂ ਮੁਤਾਬਕ ਇਸ ਨਾਜ਼ੁਕ ਸਥਿਤੀ ਨੂੰ ਪੈਦਾ ਕਰਨ ਵਿੱਚ precarious employment ਜਿਸਨੂੰ ਪੰਜਾਬੀ ਵਿੱਚ 'ਨੌਕਰੀ ਅੱਜ ਵੀ ਗਈ ਕੱਲ ਵੀ ਗਈ'ਵਾਲੀ ਸਥਿਤੀ, ਉਂਟੇਰੀਓ ਵਿੱਚ ਕਮਜ਼ੋਰ ਇੰਪਲਾਇਮੈਂਟ ਕਾਨੂੰਨ ਅਤੇ ਵਰਕਰ ਸੁਪੋਰਟ ਪ੍ਰੋਗਰਾਮਾਂ ਦੀ ਘਾਟ ਵਰਗੇ ਕਾਰਣ ਸ਼ਾਮਲ ਹਨ।

ਉਂਟੇਰੀਓ ਵਿੱਚ ਪਾਈ ਜਾਂਦੀ ਗੁਰਬਤ ਨੂੰ ਨਾਪਣ ਦਾ ਇੱਕ ਪੈਮਾਨਾ Market Basket Measure (MBM) ਹੈ ਜਿਸਦਾ ਜ਼ਿਕਰ੍ਹ ਨਗਇਰ੍ਹ ਇਪੋਰਟ ਵਿੱਚ ਕੀਤਾ ਗਿਆ ਹੈ। MBM ਦਾ ਸਿਧਾਂਤ ਹੈ ਕਿ ਗਰੀਬੀ ਉਹ ਸਥਿਤੀ ਹੈ ਜਦੋਂ ਕੋਈ ਪਰਿਵਾਰ ਮਕਾਨ, ਖਾਣੇ ਅਤੇ ਜੀਵਨ ਦੀਆਂ ਹੋਰ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਤੋਂ ਅਸਮਰੱਥ ਹੋਵੇ ਜਿਸਦਾ ਸਿੱਧਾ ਸਬੰਧ ਆਮਦਨ ਨਾਲ ਹੈ। 2018 ਵਿੱਚ ਕੈਨੇਡਾ ਸਰਕਾਰ ਨੇ ਪਹਿਲੀ ਵਾਰ Market Basket Measure ਨੂੰ ਗਰੀਬੀ ਰੇਖਾ ਨਿਰਧਾਰਤ ਕਰਨ ਲਈ ਵਰਤਿਆ। ਸਰਕਾਰੀ ਅੰਕੜਿਆਂ ਨੇ ਦੱਸਿਆ ਕਿ ਕੈਨੇਡਾ ਵਿੱਚ 34 ਲੱਖ 71 ਹਜ਼ਾਰ 300 ਕੈਨੇਡੀਅਨ ਗਰੀਬੀ ਵਿੱਚ ਜੀਵਨ ਬਤੀਤ ਕਰਦੇ ਹਨ ਜਦੋਂ ਕਿ ਉਂਟੇਰੀਓ ਵਿੱਚ ਇਹ ਗਿਣਤੀ 14 ਲੱਖ 35 ਹਜ਼ਾਰ 140 ਹੈ। ਦਿਲਚਸਪ ਗੱਲ ਹੈ ਕਿ 2018 ਵਿੱਚ ਕੈਨੇਡਾ ਦੀ ਕੁੱਲ ਆਬਾਦੀ ਅੰਦਾਜ਼ਨ 3 ਕਰੋੜ 70 ਲੱਖ ਦੇ ਕਰੀਬ ਸੀ, ਭਾਵ ਤਕਰੀਬਨ 10% ਕੈਨੇਡੀਅਨ ਗਰੀਬੀ ਦੀ ਰੇਖਾ ਤੋਂ ਹੇਠਾਂ ਜਿਉਂਦੇ ਹਨ। ਜੇ ਇਹ ਦਰ ਪਰਵਾਸੀਆਂ ਅਤੇ ਹੋਰ ਰੰਗਦਾਰ ਤਬਕਿਆਂ ਨਾਲ ਮੇਲ ਕੇ ਵੇਖੀ ਜਾਵੇ ਤਾਂ ਇਹ ਪ੍ਰਤੀਸ਼ਤਤਾ 10% ਤੋਂ ਕਿਤੇ ਵੱਧ ਹੋ ਜਾਵੇਗੀ।

ਫੂਡ ਬੈਂਕਾਂ ਵਿੱਚੋਂ ਮਦਦ ਲੈਣ ਵਾਲੇ ਜ਼ਿਆਦਾਤਰ ਸੋਸ਼ਲ ਅਸਿਸਟੈਂਸ, ਇੰਪਲਾਇਮੈਂਟ ਅਸਿਸਟੈਂਸ ਜਾਂ ਓਲਡ ਏਜ ਸਿਕਿਉਰਿਟੀ ਪ੍ਰਾਪਤ ਕਰਨ ਵਾਲੇ ਲੋਕ ਹੁੰਦੇ ਹਨ ਜੋ ਫੂਡ ਬੈਂਕ ਜਾਣ ਵਾਲਿਆਂ ਦਾ 24.4% ਹਿੱਸਾ ਬਣਦੇ ਹਨ। ਕੈਨੇਡਾ ਵਿੱਚ ਮੁੱਖ ਸਹਾਰਾ ਸੋਸ਼ਲ ਸਿਕਿਉਰਿਟੀ ਉੱਤੇ ਨਿਰਭਰ ਹੋਣਾ ਹੈ, ਉਹਨਾਂ ਵਿੱਚੋਂ 61% ਉਹ ਹਨ ਜੋ ਖਾਣੇ ਦੀ ਘਾਟ ਹੰਢਾਉਂਦੇ ਹਨ। ਉਂਟੇਰੀਓ ਵਿੱਚ ਇਹ ਦਰ 71% ਹੈ। ਫੂਡ ਬੈਂਕ ਜਾਣ ਵਾਲਿਆਂ ਵਿੱਚੋਂ 72% ਲੋਕ ਉਹ ਹੁੰਦੇ ਹਨ ਜਿਹੜੇ ਕਿਰਾਏ ਦੇ ਮਕਾਨਾਂ ਵਿੱਚ ਰਹਿੰਦੇ ਹਨ ਅਤੇ 15% ਸੋਸ਼ਲ ਹਾਊਸਿੰਗ ਵਿੱਚ ਰਹਿੰਦੇ ਹਨ। ਇਹਨਾਂ ਅੰਕੜਿਆਂ ਦੇ ਮੱਦੇਨਜ਼ਰ ਇਹ ਪਤਾ ਕਰਨਾ ਦਿਲਚਸਪ ਹੋਵੇਗਾ ਕਿ ਗੁਰਦੁਆਰਿਆਂ ਅਤੇ ਮੰਦਰਾਂ ਦੇ ਲੰਗਰਾਂ ਵਿੱਚ ਕਿੰਨੇ ਕੁ ਲੋਕ ਇਸ ਲਈ ਜਾਂਦੇ ਹਨ ਕਿ ਉਹਨਾਂ ਨੂੰ ਖਾਣਾ ਪ੍ਰਾਪਤ ਕਰਨ ਵਿੱਚ ਸਮੱਸਿਆ ਹੈ?

ਅੰਕੜਿਆਂ ਮੁਤਾਬਕ 1976 ਤੋਂ ਬਾਅਦ 25 ਸਾਲ ਤੋਂ 29 ਸਾਲ ਉਮਰ ਦੇ ਉਂਟੇਰੀਓ ਵਾਸੀਆਂ ਦੇ ਪਾਰਟ-ਟਾਈਮ ਜੌਬਾਂ ਕਰਨ ਦੇ ਆਸਾਰ ਵਿੱਚ 116% ਵਾਧਾ ਹੋਇਆ ਹੈ ਜਦੋਂ ਕਿ 55-59 ਸਾਲ ਦੇ 44% ਵਿਅਕਤੀ ਵੱਧ ਗਿਣਤੀ ਵਿੱਚ ਪਾਰਟ-ਟਾਈਮ ਜੌਬਾਂ ਕਰਨ ਲੱਗੇ ਹਨ। ਪਿਛਲੇ ਦੋ ਸਾਲਾਂ ਵਿੱਚ ਉਹਨਾਂ ਲੋਕਾਂ ਦੀ ਗਿਣਤੀ ਵਿੱਚ 88% ਵਾਧਾ ਹੋਇਆ ਹੈ ਜੋ ਨੌਕਰੀ ਚਲੇ ਜਾਣ ਤੋਂ ਤੁਰੰਤ ਬਾਅਦ ਫੂਡ ਬੈਂਕ ਦੇ ਦਰਵਾਜ਼ੇ ਖੜਕਾਉਣ ਲਈ ਮਜ਼ਬੂਰ ਹੁੰਦੇ ਹਨ। ਇਹ ਅੰਕੜੇ ਫੂਡ ਬੈਂਕਾਂ ਵਿੱਚ ਹਾਜ਼ਰੀ ਭਰਨ ਦੇ ਕਾਰਣਾਂ ਦੀ ਨਿਸ਼ਾਨਦੇਹੀ ਕਰਦੇ ਹਨ ਜਿਸ ਨੂੰ ਦੂਰ ਕਰਨ ਲਈ ਕਦਮ ਚੁੱਕੇ ਜਾਣ ਦੀ ਲੋੜ ਹੈ। ਜਿੱਥੇ ਸਰਕਾਰ ਨੂੰ ਚਾਹੀਦਾ ਹੈ ਕਿ ਸੋਸ਼ਲ ਅਸਿਸਟੈਂਸ ਨੂੰ ਹੋਰ ਮਜ਼ਬੂਤ ਕੀਤਾ ਜਾਵੇ, ਉੱਥੇ ਪੱਕੀਆਂ ਅਤੇ ਚੰਗੀ ਤਨਖਾਹ ਵਾਲੀਆਂ ਜੌਬਾਂ ਪੈਦਾ ਕਰਨਾ ਸਮੱਸਿਆ ਦਾ ਸਥਾਈ ਹੱਲ ਹੋ ਸਕਦਾ ਹੈ। ਜੇ ਗੱਲ ਪੰਜਾਬੀ ਕਮਿਉਨਿਟੀ ਦੀ ਕੀਤੀ ਜਾਵੇ ਤਾਂ ਗੁਰਦੁਆਰਿਆਂ ਮੰਦਰਾਂ ਵਿੱਚ ਅਜਿਹੇ ਪ੍ਰੋਗਰਾਮ ਉਲੀਕਣਾ ਚੰਗੀ ਗੱਲ ਹੋ ਸਕਦੀ ਹੈ ਜਿਹਨਾਂ ਤੋਂ ਲਾਭ ਪ੍ਰਾਪਤ ਕਰਕੇ ਲੋੜਵੰਦ ਮਹਿਜ਼ ਰੋਟੀ ਪਾਣੀ ਪ੍ਰਾਪਤ ਕਰਨ ਦੀ ਥਾਂ ਰੋਟੀ ਪਾਣੀ ਕਮਾਉਣ ਦੇ ਕਾਬਲ ਬਣਨ।

## ਨਵੀਂ ਨਾਫਟਾ ਡੀਲ ਦੇ ਅਪਡੇਟ ਕੀਤੇ ਗਏ ਟੈਕਸਟ ਉਤੇ ਕੈਨੇਡਾ ਨੇ ਕੀਤੇ ਦਸਤਖ਼ਤ

...ਪੰਨਾ 1 ਦਾ ਬਾਕੀ

ਮੰਗਲਵਾਰ ਦੁਪਹਿਰ ਨੂੰ ਮੈਕਸਿਕੋ ਦੀ ਰਾਜਧਾਨੀ ਵਿੱਚ ਪੂਰੀ ਕੀਤੀ ਗਈ। ਇਸ ਮੀਟਿੰਗ ਵਿੱਚ ਫਰੀਲੈਂਡ ਦੇ ਨਾਲ ਅਮਰੀਕਾ ਦੇ ਟਰੇਡ ਰਿਪ੍ਰਜ਼ੈਂਟੇਟਿਵ ਰੌਬਰਟ ਲਾਇਥਜ਼ਰ ਤੇ ਮੈਕਸਿਕੋ ਦੇ ਨੌਰਥ ਅਮੇਰਿਕਾ ਲਈ ਅੰਡਰਸੈਕਟਰੀ ਜੀਜ਼ਸ ਸੀਏਡ ਨੇ ਹਿੱਸਾ ਲਿਆ।

ਇਸ ਸਮਾਰੋਹ ਵਿੱਚ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਹ ਸੋਧਾਂ ਵਿਚਾਰ ਵਟਾਂਦਰੇ ਦੀ ਲੰਮੀ ਪ੍ਰਕਿਰਿਆ ਤੋਂ ਬਾਅਦ ਕੀਤੀਆਂ ਗਈਆਂ ਹਨ ਤੇ ਇਸ ਨਾਲ ਨਾਫਟਾ ਹੋਰ ਬਿਹਤਰ ਹੋਵੇਗੀ। ਉਨ੍ਹਾਂ ਆਖਿਆ ਕਿ ਕੈਨੇਡੀਅਨਾਂ ਦੇ ਹਿਤਾਂ ਤੇ ਕਦਰਾਂ ਕੀਮਤਾਂ ਦੀ ਰਾਖੀ ਕਰਨ ਲਈ ਅਸੀਂ ਬਹੁਤ ਮਿਹਨਤ ਕੀਤੀ ਹੈ ਤੇ ਨਾਫਟਾ ਨੂੰ ਆਧੁਨਿਕ ਰੰਗਤ ਦੇਣ ਲਈ ਵੀ ਤਿੰਨਾਂ ਦੇਸ਼ਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਦੇ ਨਾਲ ਹੀ ਅਜਿਹੇ ਪ੍ਰਬੰਧ ਕੀਤੇ ਗਏ ਹਨ ਜਿਸ ਨਾਲ ਸਥਿਰਤਾ, ਪੂਰਬਅਨੁਮਾਨ ਅਤੇ ਨੌਰਥ ਅਮੈਰੀਕਨ ਕੰਜ਼ਿਊਮਰਜ਼ ਲਈ ਨਿਯਮਾਂ ਉੱਤੇ ਆਧਾਰਿਤ ਕਾਰੋਬਾਰ ਕੀਤਾ ਜਾਵੇਗਾ। ਫਰੀਲੈਂਡ ਨੇ ਆਖਿਆ ਕਿ ਅਸੀਂ ਇਸ ਡੀਲ ਨੂੰ ਉਸ ਸਮੇਂ ਸਿਰੇ ਲਾਉਣ ਵੱਲ ਵੱਧ ਰਹੇ ਹਾਂ ਜਿਸ ਸਮੇਂ ਸੰਸਾਰ ਵਿੱਚ ਇਸ ਤਰ੍ਹਾਂ ਦੀਆਂ ਕਾਰੋਬਾਰੀ ਡੀਲਜ਼ ਕਰਨਾ ਬਹੁਤ ਮੁਸ਼ਕਲ ਹੋ ਗਿਆ ਹੈ। ਫਰੀਲੈਂਡ ਨੇ ਇਹ ਵੀ ਆਖਿਆ ਕਿ ਇਹ ਬਿੱਲ ਕੌਮੀ ਹਿਤ ਵਿੱਚ ਹੈ ਤੇ ਕੈਨੇਡਾ ਨੂੰ ਇਸ ਨੂੰ ਤੇਜ਼ੀ ਨਾਲ ਪਾਸ ਕਰਵਾਉਣ ਦਾ ਯਤਨ ਕਰਨਾ ਚਾਹੀਦਾ ਹੈ।

## ਬਰੈਂਪਟਨ ਵਿੱਚ ਘਰੇਲੂ ਹਿੰਸਾ ਦੇ ਵੱਧ ਰਹੇ ਮਾਮਲਿਆਂ ਉੱਤੇ ਸਹੋਤਾ ਨੇ ਪ੍ਰਗਟਾਈ ਚਿੰਤਾ

...ਪੰਨਾ 1 ਦਾ ਬਾਕੀ

ਵੱਧ ਰਹੇ ਘਰੇਲੂ ਹਿੰਸਾ ਵਰਗੇ ਭਖਦੇ ਮੁੱਦੇ ਨੂੰ ਉਠਾਇਆ। ਇਹ ਮੁੱਦਾ ਮਾਂਟਰੀਅਲ ਇਕੋਲ ਪੌਲੀਟੈਕਨਿਕ ਐਂਟੀ ਫੈਮਨਿਸਟ ਮੈਸੇਕਰ ਦੇ 30 ਸਾਲ ਬਾਅਦ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਐਮਪੀ ਸਹੋਤਾ ਨੇ ਆਖਿਆ ਕਿ ਪਿਛਲੇ 10 ਸਾਲਾਂ ਵਿੱਚ ਘਰੇਲੂ ਹਿੰਸਾ ਕਾਰਨ ਬਰੈਂਪਟਨ ਵਿੱਚ ਹੀ 22 ਔਰਤਾਂ ਤੇ ਬੱਚਿਆਂ ਦਾ ਕਤਲ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਕਤਲ ਹੋਣ ਵਾਲਿਆਂ ਵਿੱਚ ਲੂਸੀ ਵੋਜ਼ਤਾਲਸਕੀ, ਮਾਰੀਆ ਗੌਰੌਸਪੇ, ਕ੍ਰਿਸਚੀਅਨ ਗੌਰੌਸਪੇ, ਲੌਰਾ ਗ੍ਰਾਂਟ, ਰੀਆ ਰਾਜਕੁਮਾਰ ਤੇ ਕਈ ਹੋਰਨਾਂ ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਦਾ ਕਤਲ ਉਨ੍ਹਾਂ ਲੋਕਾਂ ਦੇ ਹੱਥੋਂ ਹੋਇਆ ਜਿਨ੍ਹਾਂ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਸਨ ਜਿਵੇਂ ਕਿ ਆਪਣੇ ਪਤੀ ਜਾਂ ਮਾਪਿਆਂ ਹੱਥੋਂ। ਉਨ੍ਹਾਂ ਆਖਿਆ ਕਿ ਆਪਣੇ ਹੀ ਘਰ ਵਿੱਚ ਕਿਸੇ ਨੂੰ ਆਪਣੀ ਜਾਨ ਜਾਣ ਦਾ ਡਰ ਨਹੀਂ ਹੋਣਾ ਚਾਹੀਦਾ। ਅਜਿਹੇ ਜੁਰਮ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰੋਕਣ ਵਾਸਤੇ ਸਾਨੂੰ ਆਪਣੀਆਂ ਕਮਿਊਨਿਟੀਜ਼ ਤੇ ਸਰਕਾਰ ਦੇ ਸਾਰੇ ਪੱਧਰਾਂ ਨੂੰ ਰਲ ਕੇ ਕੰਮ ਕਰਦਾ ਰਹਿਣਾ ਚਾਹੀਦਾ ਹੈ। 2015 ਵਿੱਚ ਅਸੀਂ ਜਿਹੜਾ ਕੰਮ ਸ਼ੁਰੂ ਕੀਤਾ ਸੀ ਉਸ ਨੂੰ ਵੀ ਸਾਨੂੰ ਜਾਰੀ ਰੱਖਣਾ ਚਾਹੀਦਾ ਹੈ। ਸਗੋਂ ਸਾਨੂੰ ਅਜਿਹਾ ਕੰਮ ਜ਼ਿਆਦਾ ਕਰਨਾ ਚਾਹੀਦਾ ਹੈ।

ਹਾਊਸ ਆਫ ਕਾਮਨਜ਼ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪ੍ਰਗਟਾਏ ਗਏ ਇਨ੍ਹਾਂ ਵਿਚਾਰਾਂ ਕਿ ਅਜੇ ਵੀ ਬਹੁਤ ਕੁੱਝ ਨਹੀਂ ਬਦਲਿਆ ਹੈ, ਨਾਲ ਹੀ ਸਹੋਤਾ ਦੇ ਵਿਚਾਰ ਵੀ ਮੇਲ ਖਾਂਦੇ ਹਨ। ਮੁੜ ਚੁਣੀ ਗਈ ਲਿਬਰਲ ਸਰਕਾਰ ਮਿਲਟਰੀ ਸਟਾਈਲ ਦੇ ਅਸਾਲਟ ਹਥਿਆਰਾਂ ਉੱਤੇ ਪਾਬੰਦੀ ਲਾਵੇਗੀ ਤੇ ਲਿੰਗ ਆਧਾਰਿਤ ਹਿੰਸਾ ਨੂੰ ਰੋਕਣ ਲਈ ਕੌਮੀ ਰਣਨੀਤੀ ਕਾਇਮ ਕਰਨ ਪ੍ਰਤੀ ਵਚਨਬੱਧ ਰਹੇਗੀ।

## ਬਰੈਂਪਟਨ ਦੇ ਘਰ ਵਿੱਚੋਂ ਮ੍ਰਿਤਕ ਮਿਲੀ ਮਹਿਲਾ ਦਾ ਕੀਤਾ ਗਿਆ ਸੀ ਕਤਲ !

...ਪੰਨਾ 1 ਦਾ ਬਾਕੀ

ਦੀ ਮੌਤ ਨੂੰ ਕਤਲ ਮੰਨਿਆ ਜਾ ਰਿਹਾ ਹੈ। ਮੰਗਲਵਾਰ ਨੂੰ ਇੰਸਪੈਕਟਰ ਮਾਰਟੀ ਓਟਵੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਾਂਚ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਨਵਦੀਪ ਸਿੰਘ ਨੇ ਪਹਿਲਾਂ ਸ਼ਰਨਜੀਤ ਨੂੰ ਜਾਨੋਂ ਮਾਰਿਆ ਤੇ ਫਿਰ ਖੁਦਕੁਸ਼ੀ ਕੀਤੀ। ਅਤੀਤ ਵਿੱਚ ਦੋਵਾਂ ਦੇ ਕਾਫੀ ਨਜ਼ਦੀਕੀ ਰਿਸ਼ਤੇ ਦੱਸੇ ਜਾਂਦੇ ਹਨ। ਇੰਸਪੈਕਟਰ ਓਟਵੇ ਨੇ ਦੱਸਿਆ ਕਿ ਸ਼ਰਨਜੀਤ ਦੇ ਲਾਪਤਾ ਹੋਣ ਦੀ ਰਿਪੋਰਟ ਉਸ ਦੀ ਦੋਸਤ ਵੱਲੋਂ ਟੋਰਾਂਟੋ ਪੁਲਿਸ ਕੋਲ ਵੀ ਲਿਖਵਾਈ ਗਈ ਸੀ। ਜਦੋਂ ਉਸ ਦੀ ਲਾਸ਼ ਮਿਲੀ ਤਾਂ ਉਸ ਦੇ ਲਾਪਤਾ ਹੋਣ ਦੀ ਜਾਚ ਚੱਲ ਰਹੀ ਸੀ।

ਪੁਲਿਸ ਨੇ ਦੱਸਿਆ ਕਿ ਸ਼ਰਨਜੀਤ ਕੌਰ ਤੇ ਨਵਦੀਪ ਸਿੰਘ ਦਰਮਿਆਨ ਕਿਸੇ ਤਰ੍ਹਾਂ ਦੀ ਘਰੇਲੂ ਹਿੰਸਾ ਜਾਂ ਹੋਰ ਕਿਸੇ ਤਰ੍ਹਾਂ ਦੇ ਅਪਰਾਧ ਦਾ ਕੋਈ ਰਿਕਾਰਡ ਨਹੀਂ ਮਿਲਦਾ। ਪੁਲਿਸ ਨੇ ਆਖਿਆ ਕਿ ਉਨ੍ਹਾਂ ਵਿੱਚ ਗੜਬੜੀ ਦਾ ਪਹਿਲੀ ਵਾਰੀ ਸਾਨੂੰ ਪਤਾ ਲੱਗਿਆ ਹੈ। ਜਾਂਚਕਾਰ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ।

## ਨਾਗਰਕਿਤਾ ਸੋਧ ਬਿੱਲ ਵਿਰੁੱਧ ਅਸਾਮਦੇ ਲੋਕਾਂ ਵੱਲੋਂ ਹਿੰਸਕ ਰੋਸ ਪ੍ਰਦਰਸ਼ਨ

### * ਤਰੱਕੀ ਦੇ ਮੌਕੇ ਗਵਾਚਣ ਦੇ ਡਰ ਕਾਰਨ ਸੜਕਾਂ ਉੱਤੇ ਨਿਕਲੇ

ਗੁਹਾਟੀ, 10 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦਾ ਪੇਸ਼ ਕੀਤਾ ਤੇ ਵਿਵਾਦਾਂ ਨਾਲ ਭਰਿਆ ਨਾਗਰਿਕਤਾ ਸੋਧ ਬਿੱਲ ਪਾਸ ਹੋਣ ਤੋਂ ਬਾਅਦ ਅਸਾਮ ਵਿੱਚ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਜਾਣ ਲੱਗ ਪਿਆ ਹੈ। ਸੋਮਵਾਰ ਦੇ ਹੰਗਾਮੇ ਪਿੱਛੋਂ ਆਲ ਅਸਾਮ ਸਟੂਡੈਂਟ ਯੂਨੀਅਨ (ਆਸੂ) ਅਤੇ ਨਾਰਥ ਈਸਟ ਸਟੂਡੈਂਟਸ ਆਰਗੇਨਾਈਜ਼ੇਸ਼ਨ (ਨੀਸੋ) ਵੱਲੋਂਇਸ ਬਾਰੇ ਅੱਜ (ਮੰਗਲਵਾਰ) 12 ਘੰਟੇ ਦਾ ਬੰਦ ਦਾ ਸੱਦਾ ਦਿੱਤਾ ਗਿਆਸੀ। ਏਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਬਾਹਰੋਂ ਆਏ ਨਾਗਰਿਕਤਾ ਲੈਣ ਵਾਲੇ ਲੋਕਾਂ ਕਾਰਨ ਉਨ੍ਹਾਂ ਦੀ ਪਛਾਣ ਤੇ ਰੋਜ਼ੀ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਆਸੂ ਤੇ ਬਾਕੀ ਸੰਗਠਨ ਇਸ ਬਿੱਲ ਦਾ ਜ਼ਬਰਦਸਤ ਵਿਰੋਧ ਕਰ ਰਹੇ ਹਨ। ਅਸਾਮ ਦੇ ਨਾਲ ਤ੍ਰਿਪੁਰਾ ਵਿੱਚ ਵੀ ਜ਼ਬਰਦਸਤ ਹੰਗਾਮਾ ਹੋ ਰਿਹਾ ਹੈ। ਓਥੇ ਰਾਜਧਾਨੀ ਅਗਰਤਲਾ ਵਿੱਚ ਲੋਕ ਇਸ ਬਿੱਲ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ।

ਵਿਦਿਆਰਥੀ ਜਥੇਬੰਦੀਆਂ ਵੱਲੋਂਕਰਵਾਏ ਗਏਬੰਦ ਤੋਂ ਇਕ ਦਿਨ ਪਹਿਲਾਂ ਸੋਮਵਾਰ ਨੂੰ ਉੱਤਰ-ਪੂਰਬ ਵਿੱਚ ਨਾਗਰਿਕਤਾ ਸੋਧ ਬਿੱਲ ਦੇ ਵਿਰੁੱਧ ਵੱਡੇ ਪੱਧਰ ਉੱਤੇ ਪ੍ਰਦਰਸ਼ਨ ਹੋਇਆ ਸੀ। ਉਸ ਤੋਂ ਇਕ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰ ਪੂਰਬ ਦੇ ਸੰਗਠਨਾਂ ਦੇ ਇੱਕ ਸਾਂਝੇ ਸੰਗਠਨ ਨਾਰਥ ਈਸਟ ਸਟੂਡੈਂਟਸ ਆਰਗੇਨਾਈਜ਼ੇਸ਼ਨ (ਨੀਸੋ) ਦੇ ਲੀਡਰਾਂ ਵੱਲੋਂ ਬਿੱਲ ਸਬੰਧੀਪੇਸ਼ ਕੀਤੇ ਜਾਂਦੇ ਡਰ ਦੂਰ ਕਰਨ ਦਾ ਯਤਨ ਕੀਤਾ ਸੀ। ਉੱਤਰ-ਪੂਰਬ ਇਲਾਕੇਦੇ ਅੱਠ ਰਾਜਾਂ ਦੀ ਕੌਮਾਂਤਰੀ ਹੱਦ ਚੀਨ, ਬੰਗਲਾਦੇਸ਼, ਮਿਆਂਮਾਰ ਅਤੇ ਭੂਟਾਨ ਨਾਲ ਲਗਦੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਦਾਅਵੇ ਦੇ ਬਾਵਜੂਦ ਕਿ ਇਹ ਬਿੱਲ ਮੁਸਲਮਾਨਾਂ ਖ਼ਿਲਾਫ਼ ਨਹੀਂ, ਘੁਸਪੈਠ ਦੇ ਹੀ ਖ਼ਿਲਾਫ਼ ਹੈ, ਇਸ ਖੇਤਰ ਵਿੱਚ ਪ੍ਰਦਰਸ਼ਨ ਹੋਏ ਹਨ। ਆਲ ਮੋਰਾਨ ਸਟੂਡੈਂਟਸ ਯੂਨੀਅਨ (ਆਮਸੂ) ਨੇ ਨਾਗਰਿਕਤਾ ਸੋਧ ਬਿੱਲ ਦੇ ਖ਼ਿਲਾਫ਼ ਅਤੇ ਛੇ ਭਾਈਚਾਰਿਆਂ ਨੂੰ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੰਗ ਲਈ 48 ਘੰਟੇ ਅਸਾਮ ਬੰਦ ਦਾ ਸੱਦਾ ਦਿੱਤਾ ਹੋਇਆ ਸੀ, ਜਿਸ ਕਾਰਨ ਕਈ ਥਾਂਈਂਜਨਜੀਵਨ ਪ੍ਰਭਾਵਤ ਹੋਇਆ ਹੈ। ਬੰਦ ਕਾਰਨ ਸਵੇਰੇ ਪੰਜ ਵਜੇ ਤੋਂ ਲਖੀਮਪੁਰ, ਧੇਮਾਜੀ, ਤਿਨਸੁਕੀਆ, ਡਿਬਰੂਗੜ੍ਹ, ਸ਼ਿਵਸਾਗਰ, ਜੋਰਹਾਟ, ਮਾਜੁਲੀ, ਮੋਰੀਗਾਂਵ, ਬੋਂਗਾਈਗਾਂਵ, ਉਦਲਗੁੜੀ, ਕੋਕਰਾਝਾਰ ਅਤੇ ਬਕਸਾ ਜ਼ਿਲ੍ਹੇ ਵਿੱਚ ਸੈਂਕੜੇ ਲੋਕ ਸੜਕਾਂ ਉੱਤੇਆ ਗਏ। ਇਸ ਮੌਕੇ ਕਈ ਥਾਈਂ ਨੇ ਟਾਇਰ ਸਾੜੇ ਤੇ ਨੈਸ਼ਨਲ ਹਾਈਵੇ ਨੂੰ ਪ੍ਰਭਾਵਿਤ ਕੀਤਾ ਗਿਆ, ਜਿਨ੍ਹਾਂ ਉੱਤੇ ਡਿਬਰੂਗੜ੍ਹ ਅਤੇ ਗੁਹਾਟੀ ਵਿੱਚ ਪੁਲਿਸ ਵੱਲੋਂ ਲਾਠੀਚਾਰਜ ਵੀ ਕੀਤਾ ਗਿਆ।

## ਰਾਮ ਰਹੀਮ ਨੂੰ ਨਵਾਂ ਝਟਕਾ, ਜੱਜ ਬਦਲਣ ਦੀ ਅਰਜ਼ੀ ਸੀ ਬੀ ਆਈ ਅਦਾਲਤ ਵੱਲੋਂ ਰੱਦ




ਪੰਚਕੂਲਾ, 10 ਦਸੰਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਅੱਜ ਸੀ ਬੀ ਆਈ ਅਦਾਲਤ ਤੋਂਨਵਾਂ ਝਟਕਾ ਲੱਗ ਗਿਆ ਹੈ। ਅੱਜ ਮੰਗਲਵਾਰ ਸਵੇਰੇਸੀ ਬੀ ਆਈ ਅਦਾਲਤ ਨੇ ਬਚਾਅ ਪੱਖ ਵੱਲੋਂ ਜੱਜ ਬਦਲਣ ਵਾਸਤੇ ਦਿੱਤੀ ਅਰਜ਼ੀਰੱਦ ਕਰ ਦਿੱਤੀ ਹੈ। ਅੱਗੋਂ ਇਸ ਕੇਸ ਦੀ ਸੁਣਵਾਈ 14 ਦਸੰਬਰ ਨੂੰ ਹੋਵੇਗੀ। ਅੱਜ ਦੀ ਸੁਣਵਾਈ ਦੌਰਾਨ ਡੇਰਾ ਮੁਖੀ ਰਾਮ ਰਹੀਮ ਨੂੰ ਵੀਡੀਓ ਕਾਨਫਰੈਂਸਿੰਗ ਰਾਹੀਂ ਪੇਸ਼ ਕੀਤਾ ਗਿਆ, ਜਦਕਿ ਏਸੇ ਕੇਸ ਦੇ ਬਾਕੀ ਸਾਰੇ ਦੋਸ਼ੀ ਸਿੱਧੇ ਰੂਪ ਵਿੱਚ ਅਦਾਲਤ ਵਿੱਚ ਪੇਸ਼ ਹੋਏ।

ਵਰਨਣ ਯੋਗ ਹੈ ਕਿ ਦੋ ਸਾਧਵੀਆਂ ਨਾਲ ਬਲਾਤਕਾਰ ਅਤੇ ਪੱਤਰਕਾਰ ਰਾਮਚੰਦਰ ਛੱਤਰਪਤੀ ਦੇ ਕਤਲ ਦੇ ਦੋਸ਼ ਵਿੱਚਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਇੱਕ ਜੋੜੀਦਾਰ ਤੇ ਦੋਸ਼ੀ ਕ੍ਰਿਸ਼ਨ ਲਾਲ ਨੇ ਵਿਸ਼ੇਸ ਸੀ ਬੀ ਆਈ ਅਦਾਲਤਨੂੰ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਡੇਰਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਉਹ ਸੀ ਬੀ ਆਈਅਦਾਲਤ ਦੇ ਜੱਜ ਜਗਦੀਪ ਸਿੰਘ ਤੋਂਸੁਣਵਾਈ ਨਹੀਂ ਕਰਾਉਣਾ ਚਾਹੁੰਦੇ। ਅੱਗੋਂ 14 ਦਸੰਬਰ ਨੂੰ ਇਸ ਕੇਸ ਦੀਅੰਤਮ ਬਹਿਸ ਹੋਵੇਗੀ ਅਤੇ ਆਸ ਹੈ ਕਿ ਜਲਦੀਹੀ ਵੱਡਾ ਫੈਸਲਾ ਆ ਸਕਦਾ ਹੈ।ਪਿਛਲੀ ਸੁਣਵਾਈਦੌਰਾਨ ਡੇਰਾ ਮੁਖੀ ਦੇ ਇੱਕ ਜੋੜੀਦਾਰ ਨੇ ਅਰਜ਼ੀ ਦੇ ਕੇ ਕਿਹਾ ਸੀ ਕਿ ਗੁਰਮੀਤ ਰਾਮ ਰਹੀਮ ਦੇ ਖਿਲਾਫ ਪਹਿਲਾਂ ਹੀ ਦੋ ਕੇਸਾਂ ਵਿੱਚਜੱਜ ਜਗਦੀਪ ਸਿੰਘ ਧਨਖੜ ਸਜ਼ਾ ਸੁਣਾ ਚੁੱਕੇ ਹਨ। ਇਸ ਲਈ ਤੀਜੇ ਕੇਸਲਈ ਉਹ ਕਿਸੇ ਹੋਰ ਜੱਜ ਤੋਂ ਸੁਣਵਾਈ ਕਰਵਾਉਣਾ ਚਾਹੁੰਦੇ ਹਨ।

## ਕਸ਼ਮੀਰ ਦੇ ਹਾਲਾਤ ਨੂੰ ਯੂਰਪੀ ਯੂਨੀਅਨ ਨੇ ਚਿੰਤਾਜਨਕ ਕਿਹਾ

ਨਵੀਂ ਦਿੱਲੀ, 10 ਦਸੰਬਰ, (ਪੋਸਟ ਬਿਊਰੋ)- ਜਰਮਨੀ ਸਮੇਤ ਕਈ ਦੇਸ਼ਾਂ ਵੱਲੋਂ ਕਸ਼ਮੀਰ ਮੁੱਦੇ ਚੁੱਕੇ ਜਾਣ ਪਿੱਛੋਂਅੱਜ ਨਵੀਂ ਦਿੱਲੀ ਵਿੱਚ ਯੂਰਪੀਨਯੂਨੀਅਨ ਦੇ ਰਾਜਦੂਤ ਨੇ ਵੀ ਕਸ਼ਮੀਰ ਦੇ ਹਾਲਾਤ ਨੂੰ ਚਿੰਤਾਜਨਕ ਕਹਿ ਦਿੱਤਾ ਹੈ। ਉਨ੍ਹਾਂ ਨੇ ਕਸ਼ਮੀਰ ਘਾਟੀ ਵਿੱਚ ਛੇਤੀ ਤੋਂ ਛੇਤੀ ਸ਼ਾਂਤੀ ਬਹਾਲੀ ਦੀ ਆਸ ਪ੍ਰਗਟ ਕੀਤੀ ਹੈ। ਯੂਰਪੀ ਯੂਨੀਅਨ ਦੇ ਭਾਰਤ ਵਿੱਚ ਨਵੇਂ ਰਾਜਦੂਤ ਯੂਗੋ ਅਸਤੁਤੋ ਨੇ ਆਪਣੀ ਪਹਿਲੀ ਪ੍ਰੈੱਸ ਕਾਨਫਰੰਸ ਦੇ ਦੌਰਾਨਭਾਰਤ ਤੇ ਪਾਕਿਸਤਾਨ ਨੂੰ ਆਪਣੇ ਸੰਬੰਧਾਂਦਾ ਤਣਾਅ ਖ਼ਤਮ ਕਰਨ ਲਈ ਗੱਲਬਾਤ ਦੇ ਰਾਹ ਉੱਤੇ ਛੇਤੀ ਮੁੜਨਨੂੰ ਕਿਹਾ ਹੈ। ਅਸਤੁਤੋ ਨੇ ਕਿਹਾ ਕਿ ਅਸੀਂ ਕਸ਼ਮੀਰ ਦੇ ਹਾਲਾਤ ਤੋਂ ਚਿੰਤਤ ਹਾਂ। ਇਹ ਜ਼ਰੂਰੀ ਹੈ ਕਿ ਓਥੇ ਹਾਲਾਤ ਸ਼ਾਂਤ ਹੋਣ ਅਤੇ ਲੋਕਾਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਹੋਵੇ। ਉਨ੍ਹਾਂ ਕਿਹਾ ਕਿ ਕਸ਼ਮੀਰ ਬਾਰੇ ਭਾਰਤ ਸਰਕਾਰ ਦੀਆਂ ਸੁਰੱਖਿਆ ਚਿੰਤਾਵਾਂ ਸਮਝਣ ਦੇ ਬਾਵਜੂਦ ਓਥੇ ਹਾਲਾਤ ਨੂੰ ਸ਼ਾਂਤ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਧਾਰਾ 370 ਹਟਣ ਪਿੱਛੋਂ ਕਸ਼ਮੀਰ ਦੇ ਹਾਲਾਤ ਵਿੱਚ ਆਏ ਬਦਲਾਅ ਤੇ ਖ਼ਾਸ ਤੌਰ ਉੱਤੇ ਸੰਚਾਰ ਸੇਵਾਵਾਂ ਤੇ ਲੋਕਾਂ ਦੇ ਆਜ਼ਾਦੀ ਨਾਲ ਘੁੰਮਣ ਫਿਰਨ ਉੱਤੇ ਲੱਗੀ ਪਾਬੰਦੀ ਬਾਰੇ ਆਪਣੀ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਬਾਰੇ ਦੱਸਿਆ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Authorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9 EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਬਿਸਕੁਟਾਂ ਵਾਲੀ

-ਕੁਲਵਿੰਦਰ ਕੌਰ ਬਾਂਸਲ-

ਮੀਂਹ ਬਹੁਤ ਤੇਜ ਪੈ ਰਿਹਾ ਸੀ ਲਗਾਤਾਰ ਤਿੰਨ ਘੰਟਿਆਂ ਤੋਂ ਰੁਕਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਇੰਝ ਲੱਗ ਰਿਹਾ ਸੀ ਕਿ ਇੰਦਰ ਦੇਵਤਾ ਨੇ ਪਿਛਲੇ ਛੇ ਮਹੀਨਿਆਂ ਦੀ ਕਸਰ ਅੱਜ ਪੂਰੀ ਕਰ ਦੇਣੀ ਹੈ। ਅੰਤ ਦਾ ਮੀਂਹ, ਮੀਂਹ ਨਾਲ ਜਲ ਥਲ ਇੱਕ ਹੋਇਆ ਪਿਆ ਸੀ। ਗਲੀਆਂ ਅਤੇ ਨਾਲੀਆਂ ਦੀ ਪਛਾਣ ਹੋਣੀ ਵੀ ਮੁਸ਼ਕਲ ਹੋ ਰਹੀ ਸੀ। ਰਾਹਗੀਰ ਵੀ ਬੀ ਸਾਵਧਾਨੀ ਨਾਲ ਵੇਖ ਵੇਖ ਕੇ ਆਪਣੇ ਸੜਕ ਤੋਂ ਲੰਘਦੇ ਜਾ ਰਹੇ ਸਨ, ਰਿਕਸ਼ੇ ਵਾਲੇ ਵੀ ਰਿਕਸ਼ਾ ਮਸਾਂ ਚਲਾ ਰਹੇ ਸਨ। ਅੱਧੇ ਪਹੀਏ ਪਾਣੀ ਵਿੱਚ ਡੁੱਬੇ ਹੋਏ ਘੜੀਸਦੇ ਹੋਏ ਲਿਜਾ ਰਹੇ ਸਨ।

ਬੰਤ ਕੌਰ ਆਪਣੀ ਦੁਕਾਨ 'ਤੇ ਬੈਠੀ ਸਾਰਾ ਕੁਝ ਵੇਖ ਰਹੀ ਸੀ। ਅੱਜ ਉਸ ਦੀ ਦੁਕਾਨ 'ਤੇ ਕੋਈ ਗਾਹਕ ਵੀ ਤਾਂ ਨਹੀਂ ਸੀ ਆ ਰਿਹਾ, ਏਨੇ ਪਾਣੀ ਵਿੱਚ ਦੀ ਲੰਘ ਕੇ ਗਾਹਕ ਆਉਂਦਾ ਵੀ ਕਿਵੇਂ? ਉਸ ਨੇ ਲੰਮਾ ਹਉਕਾ ਲਿਆ। ਸੁਵੱਖਤੇ ਦੀ ਦੁਕਾਨ 'ਤੇ ਬੈਠੀ ਹੋਈ ਸੀ, ਪਰ ਮੌਸਮ ਨੇ ਉਸ ਦੀ ਅੱਧੀ ਦਿਹਾੜੀ ਖਰਾਬ ਕਰ ਛੱਡੀ ਸੀ। ਖਮੀਰ ਲਾ ਕੇ ਬਣਾਈਆਂ ਡਬਲ ਰੋਟੀਆਂ ਲੈਣ ਵੀ ਕੋਈ ਨਾ ਆਇਆ ਅਤੇ ਨਾ ਕੋਈ ਬਿਸਕੁਟ ਲੈਣ ਪਹੁੰ-ਚਿਆ। ਉਸ ਨੂੰ ਅੱਜ ਦੀ ਦਿਹਾੜੀ ਪੂਰੀ ਹੁੰਦੀ ਨਾ ਜਾਪਦੀ ਸੀ। ਨਿਰਾਸ਼ ਹੋਈ ਆਪਣੀਆਂ ਹੀ ਸੋਚਾਂ ਵਿੱਚ ਡੁੱਬਦੀ ਜਾ ਰਹੀ ਸੀ। ਅੱਜ ਉਹ ਦੁਕਾਨ 'ਤੇ ਭਰੇ ਬਾਜ਼ਾਰ ਵਿੱਚ ਇਕੱਲੀ ਸੋਚਾਂ ਵਿੱਚ ਗੁਆਚੀ 60 ਦੀ ਉਮਰ ਵਿੱਚ 80 ਸਾਲਾ ਬਜ਼ਰਗ ਲੱਗ ਰਹੀ ਸੀ। ਸੋਚਾਂ ਦੇ ਵਲਵਲਿਆਂ ਵਿੱਚ ਗੁਆਚੀ ਉਹ ਸੋਚ ਰਹੀ ਸੀ ਕਿ ਕਦੇ ਇਸ ਦੁਕਾਨ 'ਤੇ ਅੰਤਾਂ ਦੀ ਭੀੜ ਹੋਇਆ ਕਰਦੀ ਸੀ। ਗਾਹਕਾਂ ਦੇ ਖੜ੍ਹਨ ਦੀ ਥਾਂ ਨਹੀਂ ਸੀ ਹੁੰਦੀ। ਜਦੋਂ ਸੱਜ ਵਿਆਹੀ ਆਈ ਤਾਂ ਉਸ ਦੇ ਘਰਵਾਲੇ ਅਤੇ ਸਹੁਰੇ ਨੂੰ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਉਨ੍ਹਾਂ ਦੀ ਦੁਕਾਨ ਤੋਂ ਬਿਸਕੁਟ ਬਣਵਾ ਕੇ ਲਿਜਾਂਦੇ ਸਨ। ਸਾਰਾ ਸਾਲ ਉਨ੍ਹਾਂ ਦੀ ਦੁਕਾਨ 'ਤੇ ਗਾਹਕਾਂ ਦੀ ਭਰਮਾਰ ਰਹਿੰਦੀ ਅਤੇ ਤਿਉਹਾਰਾਂ 'ਚ ਦਿਨ ਰਾਤ ਦਾ ਵੀ ਪਤਾ ਨਾ ਲੱਗਦਾ। ਮੇਲਿਆਂ ਜਿਹੀ ਰੌਣਕ ਲੱਗੀ ਰਹਿੰਦੀ ਸੀ। ਉਸ ਦਾ ਘਰ ਵਾਲਾ ਬਲਦੇਵ ਸਿੰਘ ਸੁਵਖਤੇ ਆ ਭੱਠੀ ਭਖਾ ਲੈਂਦਾ। ਸਾਰਾ ਦਿਨ ਦੂਰੋਂ-ਨੇੜਿਓਂ ਆਏ ਲੋਕਾਂ ਦੇ ਬਿਸਕੁਟ ਭੱਠੀ ਵਿੱਚ ਪਕਾਈ ਜਾਣੇ। ਨੌਕਰ ਵੀ ਵਾਹਵਾ ਸਨ। ਕੋਈ ਖੰਡ ਘਿਓ ਤੋਲਿਆ ਜਾ ਰਿਹਾ ਹੁੰਦਾ, ਕੋਈ ਮਸ਼ੀਨ ਵਿੱਚ ਆਟਾ ਪਾ ਕੇ ਬਿਸਕੁਟ ਬਣਾ ਰਿਹਾ ਹੁੰਦਾ, ਕੋਈ ਭੱਠੀ ਵਿੱਚ ਝੋਕਾ ਲਾ ਰਿਹਾ ਹੂੰਦਾ। ਬੰਤੋ ਦਾ ਸਾਰਾ ਦਿਨ ਰੋਟੀ ਟੁੱਕ ਬਣਾਉਣ ਵਿਚ ਲੰਘ ਜਾਂਦਾ। ਪਤਾ ਹੀ ਨਾ ਲੱਗਦਾ ਕਦੋਂ ਦਿਨ ਚੜ੍ਹਿਆ ਅਤੇ ਕਦੋ ਰਾਤ ਪੈ ਜਾਂਦੀ। ਦੁਕਾਨ 'ਤੇ ਸਾਰੇ ਦਿਨ ਦੀ ਕਹਾਣੀ ਬਲਦੇਵ ਆ ਕੇ ਬੰਤੋ ਨੂੰ ਘਰ ਸ਼ਾਮੀਂ ਰੋਟੀ ਖਾਣ ਵੇਲੇ ਦੱਸਦਾ ਹੁੰਦਾ ਸੀ।

ਬੰਤੋ ਦੇ ਵਿਆਹ ਨੂੰ ਅੱਠ ਸਾਲ ਬੀਤ ਚੁੱਕੇ ਸਨ। ਉਸ ਦੇ ਘਰ ਤਿੰਨ ਕੁੜੀਆਂ ਵਾਰੋ-ਵਾਰੀ ਜਨਮ ਲੈ ਚੁੱਕੀਆਂ ਸਨ। ਮੁੰਡੇ ਦੀ ਆਸ ਬਾਕੀ ਸੀ, ਪਰ ਜਦੋਂ ਤੀਜੀ ਕੁੜੀ ਨੇ ਜਨਮ ਲਿਆ ਤਾਂ ਸਭ ਦਾ ਹੌਸਲਾ ਟੁੱਟਦਾ ਵਿਖਾਈ ਦਿੱਤਾ ਅਤੇ ਬੰਤ ਕੌਰ ਸਭਨਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਈ। ਸੱਸ ਦੇ ਤਾਅਨਿਆਂ-ਮਿਹਣਿਆਂ ਨੇ ਉਸ ਦਾ ਜੀਣਾ ਦੁੱਭਰ ਕਰ ਦਿੱਤਾ। ਬੰਤੋ ਨੇ ਦੂਰ ਨੇੜੇ ਦੇ ਸਾਰੇ ਹਸਪਤਾਲ ਅਤੇ ਡੇਰੇ ਛਾਣ ਮਾਰੇ, ਪਰ ਉਸ ਦੀ ਆਸ ਪੂਰੀ ਨਹੀਂ ਸੀ ਹੋ ਰਹੀ। ਸਮਾਂ ਬੀਤਦਾ ਗਿਆ। ਆਖਰ ਲੰਮੇ ਸਮੇਂ ਬਾਅਦ ਉਸ ਦੀ ਆਸ 'ਤੇ ਬੂਰ ਪੈ ਗਿਆ ਅਤੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਪੂਰਾ ਘਰ ਪੁੱਤਰ ਦੀਆਂ ਕਿਲਕਾਰੀਆਂ ਨਾਲ ਗੂੰਜ ਉਠਿਆ। ਲਾਗੀ ਆਉਣੇ ਸ਼ੁਰੂ ਹੋਏ ਘਰ ਵਿੱਚ। ਵਿਆਹ ਵਾਲਾ ਮਾਹੌਲ ਬਣ ਗਿਆ। ਮੁੰਡੇ ਦੀ ਦਾਦੀ ਦਾ ਪੈਰ ਜ਼ਮੀਨ 'ਤੇ ਨਹੀਂ ਸੀ ਲੱਗਦਾ। ਮੁੰਡੇ ਦੇ ਜਨਮ ਨਾਲ ਘਰ ਦੀਆਂ ਰੌਣਕਾਂ ਵਾਪਸ ਆ ਗਈਆਂ ਸਨ, ਪਰ ਨਾਲ ਧੀਆਂ ਵੀ ਜਵਾਨ ਹੁੰਦੀਆਂ ਜਾ ਰਹੀਆਂ ਸਨ। ਉਨ੍ਹਾਂ ਦੀ ਚਿੰਤਾ ਪਰਵਾਰ ਨੂੰ ਖਾ ਰਹੀ ਸੀ। ਸਮਾਂ ਬੀਤਦਾ ਗਿਆ। ਬਲਦੇਵ ਸਿੰਘ ਨੇ ਆਪਣੀਆਂ ਦੋ ਧੀਆਂ ਨੂੰ ਚੰਗੇ ਘਰ ਵਿੱਚ ਵਿਆਹ ਦਿੱਤਾ। ਖਰਚਾ ਵੀ ਜ਼ਿਆਦਾ ਹੋ ਗਿਆ ਕਿਉਂਕਿ ਜੇ ਘਰ ਚੰਗੇ ਮਿਲੇ ਸਨ ਤਾਂ ਉਸ ਹਿਸਾਬ ਨਾਲ ਖਰਚਾ ਵੀ ਤਾਂ ਕਰਨੀ ਹੈ ਪੈਣਾ ਸੀ।

ਬਲਦੇਵ ਦਾ ਪਿਤਾ ਬਿਮਾਰ ਰਹਿਣ ਲੱਗ ਗਿਆ। ਇੱਕ ਦਿਨ ਸਵੇਰੇ ਉਹ ਦੁਕਾਨ 'ਤੇ ਗਿਆ, ਪਰ ਉਥੇ ਹੀ ਕੰਮ ਕਰਦਾ ਹੋਇਆ ਛੋਟਾ ਜਿਹਾ ਦੌਰਾ ਪੈਣ ਨਾਲ ਰੱਬ ਨੂੰ ਪਿਆਰਾ ਹੋ ਗਿਆ। ਅਚਾਨਕ ਹੋਈ ਮੌਤ ਦਾ ਦੁੱਖ ਨਾ ਸਹਾਰਦੇ ਹੋਏ ਬਲਦੇਵ ਦੀ ਮਾਤਾ ਵੀ ਉਸ ਦੇ ਪਿੱਛੇ ਚਲੀ ਗਈ। ਇਸ ਤਰ੍ਹਾਂ ਮਹੀਨੇ ਦੇ ਅੰਦਰ ਦੋਵੇਂ ਮਾਤਾ-ਪਿਤਾ ਬਲਦੇਵ ਦੇ ਮੋਢਿਆਂ 'ਤੇ ਸਾਰੀ ਜ਼ਿੰਮੇਵਾਰੀ ਛੱਡ ਗਏ। ਕੁੜੀਆਂ ਵੀ ਵਿਆਹੁਣ ਯੋਗ ਹੋ ਗਈਆਂ ਸਨ। ਸਾਰੀ ਜ਼ਿੰਮੇਵਾਰੀ ਬਲਦੇਵ ਦੇ ਸਿਰ 'ਤੇ ਆਣ ਪਈ। ਮੁੰਡਾ ਹਾਲੇ ਛੋਟਾ ਸੀ ਅਤੇ ਲਾਡਲਾ ਵੀ। ਉਸ਼ ਦੀ ਜੋ ਵੀ ਮੰਗ ਹੁੰਦੀ ਕਿਸੇ ਵੀ ਕੀਮਤ 'ਤੇ ਤੁਰੰਤ ਪੂਰੀ ਕੀਤੀ ਜਾਂਦੀ ਸੀ। ਬਲਦੇਵ ਸਿੰਘ 'ਤੇ ਪੈਂਦਾ ਕੰਮ ਦਾ ਬੋਝ ਵੇਖ ਕੇ ਬੰਤ ਕੌਰ ਉਸ ਦਾ ਹੱਥ ਵਟਾਉਣ ਲਈ ਦੁਕਾਨ 'ਤੇ ਜਾਣ ਲੱਗੀ। ਹੌਲੀ ਹੌਲੀ ਕੰਮ ਵੀ ਮੰਦਾ ਹੋਣ ਲੱਗਾ ਕਿਉਂਕਿ ਬਲਦੇਵ ਸਿੰਘ ਸਿਹਤ ਪੱਖੋਂ ਕੁਝ ਬਹੁਤਾ ਠੀਕ ਨਹੀਂ ਸੀ ਰਹਿੰਦਾ। ਕੰਮ ਮੰਦਾ ਹੋਣ ਕਰ ਕੇ ਨੌਕਰਾਂ ਨੂੰ ਹਟਾਉਣਾ ਪਿਆ। ਦੋਵੇਂ ਜਣੇ ਦੁਕਾਨ ਦਾ ਕੰਮ ਸੰਭਾਲਦੇ। ਮੁੰਡਾ ਵੀ ਬਾਰ੍ਹਾਂ ਜਮਾਤਾਂ ਪੜ੍ਹ ਚੁੱਕਿਆ ਸੀ ਤੇ ਅੱਗੇ ਵੀ ਪੜ੍ਹਨ ਲੱਗ ਗਿਆ। ਦੁਕਾਨ ਦੇ ਕੰਮ ਵਿੱਚ ਉਸ ਦਾ ਮਨ ਨਹੀਂ ਸੀ ਲੱਗਦਾ। ਸਾਰਾ ਦਿਨ ਬਾਹਰ ਦੋਸਤਾਂ ਮਿੱਤਰਾਂ ਨਾਲ ਹੀ ਰਹਿੰਦਾ। ਕੰਮ ਨੂੰ ਕਹਿਣ 'ਤੇ ਟਾਲ ਮਟੋਲ ਕਰ ਜਾਂਦਾ। ਬੰਤ ਕੌਰ ਵੀ ਤਾਂ ਉਸ ਨੂੰ ਵੱਡਾ ਅਫਸਰ ਲੱਗਿਆ ਵੇਖਣਾ ਚਾਹੁੰਦੀ ਸੀ। ਸਮਾਂ ਬੀਤਦਾ ਗਿਆ। ਮੁੰਡੇ ਨੇ ਬੀ ਏ ਕਰ ਲਈ। ਉਹ ਵਿਹਲਾ ਸੀ। ਕਦੀ ਕਦੀ ਦੁਕਾਨ 'ਤੇ ਚਲਾ ਜਾਂਦਾ, ਪਰ ਜ਼ਿਆਦਾਤਰ ਆਪਣੇ ਦੋਸਤਾਂ ਨਾਲ ਬਾਹਰ ਹੀ ਰਹਿੰਦਾ ਅਤੇ ਰਾਤ ਨੂੰ ਘੜ ਵੜਦਾ।

ਬਲਦੇਵ ਦੀ ਸਿਹਤ ਖਰਾਬ ਰਹਿਣ ਲੱਗ ਪਈ। ਕੁਝ ਇਹ ਵੀ ਚਿੰਤਾ ਰਹਿੰਦੀ ਕਿ ਮੁੰਡੇ ਦਾ ਕੀ ਬਣੂ। ਉਸ ਨੂੰ ਸ਼ੱਕ ਪੈ ਰਿਹਾ ਸੀ ਕਿ ਮੁੰਡਾ ਗਲਤ ਸੰਗਤ ਵਿੱਚ ਪੈ ਰਿਹਾ ਹੈ। ਇੱਕ ਦਿਨ ਮੁੰਡੇ ਦੀ ਜੇਬ ਵਿੱਚੋਂ ਸਫੇਦ ਰੰਗ ਦੀ ਪਾਊਡਰ ਦੀ ਪੁੜੀ ਮਿਲੀ ਜਿਸ ਨੂੰ ਵੇਖ ਕੇ ਬਲੇਦਵ ਸਿੰਘ ਹੱਕਾ ਬੱਕਾ ਰਹਿ ਗਿਆ। ਉਸ ਦਿਨ ਤੋਂ ਉਹ ਕਾਫੀ ਚਿੰਤਤ ਰਹਿਣ ਲੱਗਾ। ਜਦੋਂ ਉਸ ਨੇ ਪਤਾ ਕੀਤਾ ਤਾਂ ਗੱਲ ਬਹੁਤ ਅੱਗੇ ਜਾ ਚੁੱਕੀ ਸੀ ਲੜਕਾ ਨਸ਼ੇ ਦਾ ਆਦੀ ਹੋ ਚੁੱਕਿਆ ਸੀ। ਹੌਲੀ ਹੌਲੀ ਹਾਲਾਤ ਇਥੋਂ ਤੱਕ ਪਹੁੰਚ ਗਏ ਕਿ ਕਈ ਵਾਰੀ ਉਸ ਨੂੰ ਬਾਹਰ ਡਿੱਗੇ ਪਏ ਨੂੰ ਚੁੱਕ ਕੇ ਲੋਕ ਘਰ ਛੱਡ ਕੇ ਜਾਂਦੇ। ਬੰਤੋ ਨੂੰ ਨਾ ਚਾਹੁੰਦੇ ਹੋਏ ਵੀ ਇਸ ਗੱਲ ਦਾ ਪਤਾ ਲੱਗ ਗਿਆ ਅਤੇ ਬਲਦੇਵ ਅਜਿਹੇ ਸਦਮੇ ਨੂੰ ਨਾ ਸਹਾਰਦਾ ਹੋਇਆ ਇੱਕ ਸਵੇਰ ਸੁੱਤਾ ਨਾ ਉਠਿਆ। ਜਦੋਂ ਬੰਤੋ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਬਲਦੇਵ ਸਿੰਘ ਇਸ ਦੁਨੀਆ ਨੂੰ ਅਲਵਿਦਾ ਆਖ ਚੁੱਕਾ ਸੀ ਅਤੇ ਉਸ ਦੀ ਰੂਹੋਂ ਸੱਖਣੀ ਦੇਹ ਮੰਜੀ ਉਪਰ ਪਈ ਆਖਰੀ ਵਿਦਾਇਗੀ ਦੀ ਅਪੀਲ ਕਰ ਰਹੀ ਸੀ। ਬੰਤੋ ਦੀ ਤਾਂ ਜ਼ਿੰਦਗੀ ਹੀ ਉਜੜ ਚੁੱਕੀ ਸੀ।

ਸਾਰਾ ਭਾਰ ਬੰਤੋ ਦੇ ਕਮਜ਼ੋਰ ਮੋਢਿਆਂ ਉਪਰ ਆ ਪਿਆ। ਪੁੱਤਰ ਨਸ਼ਿਆਂ ਨੇ ਖਾ ਲਿਆ ਸੀ ਤੇ ਘਰਵਾਲਾ ਪੁੱਤਰ ਦੇ ਫਿਕਰ ਨੇ। ਦੁਕਾਨ ਦਾ ਕੰਮ ਕੌਣ ਸੰਭਾਲੇਗਾ? ਉਹ ਪੁੱਤਰ ਨੂੰ ਦੁਕਾਨ 'ਤੇ ਲਿਜਾਣ ਲੱਗੀ। ਕਹਿੰਦੀ, ''ਕੰਮ ਭਾਵੇਂ ਨਾ ਕਰੀਂ ਉਥੇ ਬੈਠਾ ਰਹੀਂ। ਮੇਰਾ ਚਿੱਤ ਲੱਗਾ ਰਹੇਗਾ।'' ਉਹ ਕਦੀ ਜਾਂਦਾ ਕਦੀ ਨਾ ਜਾਂਦਾ। ਬੰਤੋ ਆਪਣੀ ਧੀ ਨੂੰ ਵੀ ਨਾਲ ਲਿਜਾਣ ਲੱਗ ਪਈ ਜਿਸ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਸੀ।

ਬੰਤੋ ਦੇ ਅੱਖਾਂ ਦੁਆਲੇ ਦੀਆਂ ਝੁਰੜੀਆਂ ਦਿਨ ਪ੍ਰਤੀ ਦਿਨ ਵੱਧ ਰਹੀ ਚਿੰਤਾ ਨਾਲ ਗਹਿਰੀਆਂ ਹੁੰਦੀਆਂ ਜਾ ਰਹੀਆਂ ਸਨ। ਪੁੱਤਰ ਜੋ ਦਰ-ਦਰ ਭਟਕ ਕੇ ਮੰਗਿਆ ਸੀ, ਉਹ ਨਸ਼ੇ ਦਾ ਆਦੀ ਹੋ ਚੁੱਕਾ ਸੀ। ਰਾਤ ਨੂੰ ਕਿੰਨੀ ਵਾਰ ਬਾਹਰ ਡਿੱਗੇ ਨੂੰ ਲੋਕ ਚੁੱਕ ਕੇ ਘਰ ਛੱਡ ਕੇ ਜਾਂਦੇ। ਉਹ ਦਿਨ ਪ੍ਰਤੀ ਦਿਨ ਘਟਦਾ ਜਾ ਰਿਹਾ ਸੀ। ਸਵੇਰੇ ਦੁਕਾਨ 'ਤੇ ਮਾਂ ਧੀ ਜਾਂਦੀਆਂ ਤਾਂ ਜਵਾਨ ਧੀ ਵੱਲ ਉਠਦੀਆਂ ਅੱਖਾਂ ਉਸ ਨੂੰ ਧੁਰ ਅੰਦਰ ਤੱਕ ਨੂੰ ਝੰਜੋੜ ਕੇ ਰੱਖ ਦਿੰਦੀਆਂ। ਦਿਨ ਬੀਤਦੇ ਗਏ। ਬੰਤ ਕੌਰ ਦਿਨ ਪ੍ਰਤੀ ਦਿਨ ਮਰ ਚੁੱਕੇ ਘਰ ਵਾਲੇ ਅਤੇ ਨਸ਼ੇ ਨਾਲ ਗ੍ਰਸਤ ਪੁੱਤਰ ਦੇ ਗ਼ਮ ਵਿੱਚ ਘੁਲਦੀ ਜਾ ਰਹੀ ਸੀ। ਜਦੋਂ ਉਸ ਨੂੰ ਨਸ਼ਾ ਨਾ ਮਿਲਦਾ ਤਾਂ ਜ਼ਮੀਨ 'ਤੇ ਡਿੱਗ ਪੈਂਦਾ। ਇੱਕ ਵਾਰੀ ਰਾਤ ਨੂੰ ਥੱਕ ਹਾਰ ਕੇ ਬਤੋ ਸੌਂ ਗਈ। ਰਾਤ ਦੇ ਤਕਰੀਬਨ ਦਸ ਕੁ ਵਜ ਚੁੱਕੇ ਸਨ। ਮੁੰਡਾ ਬਾਹਰ ਉਠ ਕੇ ਗਿਆ। ਘਰ ਵਿੱਚ ਕਿਸੇ ਨੂੰ ਨਾ ਪਤਾ ਚੱਲਿਆ। ਜਦੋਂ ਸੜਕ 'ਤੇ ਆਵਾਜ਼ਾਂ ਸੁਣਾਈ ਦਿੱਤੀਆਂ ਤਾਂ ਬੰਤੋ ਤ੍ਰਬਕ ਕੇ ਉਠੀ ਅਤੇ ਬਾਹਰ ਵੱਲ ਭੱਜ ਕੇ ਗਈ ਤਾਂ ਸੜਕ 'ਤੇ ਕਾਫੀ ਭੀੜ ਇਕੱਠੀ ਹੋਈ ਪੀ ਸੀ। ਅੱਗੇ ਜਾ ਕੇ ਵੇਖਿਆ ਤਾਂ ਉਸ ਦਾ ਮੁੰਡਾ ਡਿੱਗਿਆ ਪਿਆ ਸੀ। ਦੋ ਤਿੰਨ ਮੁੰਡਿਆਂ ਨੇ ਚੁੱਕ ਕੇ ਉਸ ਨੂੰ ਹਸਪਤਾਲ ਪਹੁੰਚਾਇਆ ਤਾਂ ਡਾਕਟਰ ਨੇ ਬੇਵੱਸ ਹੁੰਦਿਆਂ ਉਸ ਨੂੰ ਵੱਡੇ ਹਸਪਤਾਲ ਭੇਜ ਦਿੱਤਾ। ਦੋ ਦਿਨ ਉਸ ਦਾ ਇਲਾਜ ਹੋਇਆ। ਤੀਜੀ ਸਵੇਰ ਤਕਰੀਬਨ ਸੱਤ ਕੁ ਵਜੇ ਉਸ ਘਰ ਅੱਗੇ ਐਂਬੂਲੈਂਸ ਖੜ੍ਹੀ ਸੀ ਤੇ ਇੱਕ 25 ਕੁ ਸਾਲਾ ਨੌਜਵਾਨ ਕੰਬਲ ਵਿੱਚ ਲਿਪਟਿਆ ਲੋਕਾਂ ਵੱਲੋਂ ਉਤਾਰਿਆ ਜਾ ਰਿਹਾ ਸੀ। ਮਾਂ ਦੀਆਂ ਕੂਕਾਂ ਅੰਬਰ ਦੀ ਹਿੱਕ ਪਾੜ ਰਹੀਆਂ ਸਨ। ਉਸ ਦਾ ਜਹਾਨ ਉਜੜ ਚੁੱਕਿਆ ਸੀ। ਮੁੰਡੇ ਦਾ ਦਗ ਦਗ ਕਰਦਾ ਚਿਹਰਾ ਇੰਝ ਲੱਗ ਰਿਹਾ ਸੀ ਕਿ ਇਹ ਉਠ ਕੇ ਆਪਣੀ ਮਾਂ ਦੀ ਸਾਰੀ ਪੀੜ ਹਰ ਲਵੇਗਾ, ਪਰ ਜਹਾਨੋਂ ਤੁਰੇ ਲੋਕ ਕਦੇ ਮੁੜਦੇ ਥੋੜ੍ਹਾ ਨੇ।

ਬੰਤੋ ਆਪਣੀ ਦੁਕਾਨ 'ਤੇ ਬੈਠੀ ਪੱਥਰ ਹੋਈਆਂ ਅੱਖਾਂ ਨਾਲ ਅਤੀਤ 'ਚ ਬੈਠੀ ਨੂੰ ਦੁਕਾਨ 'ਤੇ ਆਏ ਗਾਹਕ ਨੇ ਆਵਾਜ਼ ਮਾਰੀ, ''ਮਾਤਾ ਇੱਕ ਕਿਲੋ ਬਿਸਕੁਟ ਤੋਲ ਦੇ ਤੇ ਭਾਅ ਸਹੀ ਲਾਈਂ।'' ਮੀਂਹ ਰੁਕ ਗਿਆ ਸੀ। ਬਾਜ਼ਾਰ ਵਿੱਚ ਲੋਕ ਆਉਣ ਜਾਣ ਲੱਗ ਗਏ ਸੀ ਤੇ ਗਲੀਆਂ ਦਾ ਪਾਣੀ ਉਤਰ ਚੁੱਕਾ ਸੀ।

# ਭਾਰਤ ਵਿੱਚ ਡਿਜੀਟਲ ਮੀਡੀਆ 'ਤੇ ਸਰਕਾਰੀ ਲਗਾਮ ਕੱਸਣ ਲਈ ਤਿਆਰੀਆਂ

-ਭਾਰਤ ਭੂਸ਼ਨ ਆਜ਼ਾਦ

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਦੇਸ਼ 'ਚ 'ਡਿਜੀਟਲ ਮੀਡੀਆ' ਉਤੇ ਕਾਨੂੰਨੀ ਲਗਾਮ ਕੱਸਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅੰਗਰੇਜ਼ਾਂ ਦੇ ਸੰਨ 1867 ਵਿੱਚ ਬਣਾਏ ਪੀ ਆਰ ਬੀ (ਪ੍ਰੈਸ ਤੇ ਪੁਸਤਕ) ਰਜਿਸਟ੍ਰੇਸ਼ਨ ਐਕਟ 'ਚ ਸੋਧ ਕਰ ਕੇ ਨਵਾਂ ਆਰ ਪੀ ਪੀ (ਪ੍ਰੈਸ ਅਤੇ ਪੱਤ੍ਰਿਕਾ) ਰਜਿਸਟ੍ਰੇਸ਼ਨ ਕਾਨੂੰਨ 2019 ਦਾ ਖਰੜਾ ਬਣ ਚੁੱਕਾ ਹੈ। ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਪਿਛਲੇ ਦਿਨੀਂ ਜਨਤਕ ਕੀਤੇ ਇਸ ਖਰੜੇ ਬਾਰੇ ਇੱਕ ਮਹੀਨੇ ਅੰਦਰ ਸੁਝਾਅ ਮੰਗੇ ਗਏ ਹਨ। ਫਿਰ ਇਨ੍ਹਾਂ ਸੁਝਾਵਾਂ ਉਤੇ ਵਿਚਾਰ ਪਿੱਛੋਂ ਖਰੜੇ ਨੂੰ ਮੁਕੰਮਲ ਕਰਕੇ ਕਾਨੂੰਨ ਨੂੰ ਅਮਲੀ ਰੂਪ ਦੇਣ ਦਾ ਅਮਲ ਸ਼ੁਰੂ ਹੋ ਜਾਵੇਗਾ।

ਆਰ ਪੀ ਪੀ ਨਵੇਂ ਕਾਨੂੰਨ ਅਨੁਸਾਰ ਡਿਜੀਟਲ ਮੀਡੀਆ ਨੂੰ ਵੀ ਭਾਰਤ ਸਰਕਾਰ ਦੀ ਸੰਸਥਾ ਰਜਿਸਟਰਾਰ ਆਫ ਦਿ ਨਿਊਜ਼ਪੇਪਰਜ਼ ਫਾਰ ਇੰਡੀਆ (ਆਰ ਐਨ ਆਈ) ਕੋਲ ਰਜਿਸਟਰਡ ਕਰਾਉਣਾ ਹੋਵੇਗਾ ਤੇ ਨਸ਼ਰ ਕਰਨ ਤੋਂ ਪਹਿਲਾਂ ਆਰ ਐਨ ਆਈ ਨਾਲ ਸਾਂਝੀ ਕਰਨੀ ਹੋਵੇਗੀ। ਇਸ ਕਾਨੂੰਨ ਹੇਠ ਡਿਜੀਟਲ ਮੀਡੀਆ ਦਾ ਪ੍ਰਕਾਸ਼ਨ ਉਹੋ ਵਿਅਕਤੀ ਕਰ ਸਕੇਗਾ, ਜੋ ਦੇਸ਼ ਦੀ ਕਿਸੇ ਅਦਾਲਤ ਵੱਲੋਂ ਅੱਤਵਾਦੀ ਜਾ ਗੈਰਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ ਜਾਂ ਮੁਲਕ ਦੀ ਸੁਰੱਖਿਆ ਨੂੰ ਖਤਰਾ ਪੈਦਾ ਕਰਨ ਦੇ ਕਿਸੇ ਮਾਮਲੇ 'ਚ ਦੋਸ਼ੀ ਨਾ ਠਹਿਰਾਇਆ ਗਿਆ ਹੋਵੇ।

ਈ-ਮੀਡੀਆ ਕੁਝ ਸਮੇਂ 'ਚ ਸਮਾਜ ਅੰਦਰ ਆਪਣੀ ਪ੍ਰਭਾਵਸ਼ਾਲੀ ਛਾਪ ਛੱਡਣ ਵਿੱਚ ਸਫਲ ਹੋਇਆ ਹੈ ਅਤੇ ਲੋਕ ਇਸ ਵੱਲ ਖਿੱਚੇ ਜਾ ਰਹੇ ਹਨ। ਇਸ ਗੱਲ ਤੋਂ ਸਰਕਾਰਾਂ ਵੀ ਜਾਣੂ ਹਨ ਕਿ ਅਗਲਾ ਦੌਰ ਇੰਟਰਨੈੱਟ ਦਾ ਹੈ। ਦੋ ਦਹਾਕੇ ਪਹਿਲਾਂ ਹੋਂਦ ਵਿੱਚ ਆਏ ਈ-ਮੀਡੀਆ ਨੂੰ ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਆਪਣੇ ਲਾਭ ਲਈ ਵਰਤਿਆ ਅਤੇ ਅੱਜ ਵੀ ਵਰਤ ਰਹੀਆਂ ਹਨ, ਪਰ ਜਿਸ ਤਰ੍ਹਾਂ ਸਿਆਸੀ ਆਗੂਆਂ ਦੀ ਲਗਾਤਾਰ ਪੋਲ ਖੁੱਲ੍ਹ ਰਹੀ ਹੈ, ਉਸ ਤੋਂ ਸਿਆਸੀ ਜਮਾਤਾਂ ਘਬਰਾਉਣ ਲੱਗੀਆਂ ਹਨ। ਦੂਜਾ ਪਹਿਲੂ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਸੋਸ਼ਲ ਮੀਡੀਆ 'ਤੇ ਇਸ ਤਰ੍ਹਾਂ ਦੀਆਂ ਵੀਡੀਓਜ਼ ਅਤੇ ਖਬਰਾਂ ਵਾਇਰਲ ਹੋਈਆਂ, ਜੋ ਪਿੱਛੋਂ ਸਹੀ ਸਾਬਤ ਨਹੀਂ ਹੋਈਆਂ, ਪਰ ਇਨ੍ਹਾਂ ਨੂੰ ਟੈਲੀਵਿਜ਼ਨ ਚੈਨਲ ਲੋਕਾਂ ਨੂੰ ਵਿਖਾ ਕੇ ਲੋਕ ਰਾਏ ਬਣਾਉਣ ਵਿੱਚ ਕਾਮਯਾਬ ਹੋਏ ਹਨ। ਜਿਵੇਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਵਿੱਚ ਹੋਈ ਕਥਿਤ ਦੇਸ਼ ਵਿਰੋਧੀ ਨਾਅਰੇਬਾਜ਼ੀ, ਜਿਸ ਵਿੱਚ ਵਿਦਿਆਰਥੀ ਆਗੂ ਘਨ੍ਹੱਈਆ ਕੁਮਾਰ ਨੂੰ ਜੇਲ੍ਹ ਜਾਣਾ ਪਿਆ, ਅਸਲੀ ਨਹੀਂ ਸੀ ਸਮਝੀ ਗਈ, ਇਸ ਨੂੰ ਭੰਨਿਆ ਤੋੜਿਆ ਹੋ ਸਕਦਾ ਹੈ।

ਦੇਸ਼ ਵਿੱਚ ਪ੍ਰਿੰਟ ਮੀਡੀਆ (ਅਖਬਾਰਾਂ) ਸਭ ਤੋਂ ਪੁਰਾਣਾ ਹੈ। ਪ੍ਰਿੰਟ ਮੀਡੀਆ ਉਤੇ ਕਈ ਸੰਵਿਧਾਨਿਕ ਅਥਾਰਟੀਜ਼ ਦਾ ਕੁੰਡਾ ਹੈ, ਜਦੋਂ ਕਿ ਤਿੰਨ ਦਹਾਕੇ ਪਹਿਲਾਂ ਸ਼ੁਰੂ ਹੋਏ ਬਿਜਲਈ ਮੀਡੀਆ (ਜਿਨ੍ਹਾਂ ਵਿੱਚ ਟੀ ਵੀ ਚੈਨਲ ਸ਼ਾਮਲ ਹਨ) ਉਤੇ ਸਰਕਾਰ ਵੱਲੋਂ ਕੋਈ ਸੰਵਿਧਾਨਿਕ ਅਥਾਰਟੀ ਨਹੀਂ ਬਣਾਈ ਗਈ। ਬਿਜਲਈ ਮੀਡੀਆ ਨੇ ਆਪਣੇ ਪੱਧਰ 'ਤੇ ਨਿਊਜ਼ ਬਰਾਡਕਾਸਟਿੰਗ ਐਸੋਸੀਏਸ਼ਨ ਬਣਾਈ ਹੈ। ਇਸ ਐਸੋਸੀਏਸ਼ਨ ਦੀ ਕਾਰਗੁਜ਼ਰੀ 'ਤੇ ਸਵਾਲ ਚੁੱਕਦਿਆਂ ਦੇਸ਼ ਦੇ ਇੱਕ ਟੀ ਵੀ ਚੈਨਲ ਨੇ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਈ-ਮੀਡੀਆ ਉਪਰ ਸੰਵਿਧਾਨਿਕ ਅਥਾਰਟੀ ਦੀ ਅੱਜ ਲੋੜ ਕਿਉਂ ਪੈ ਰਹੀ ਹੈ? ਸਰਕਾਰ ਦਾ ਤਰਕ ਹੈ ਕਿ ਇੰਟਰਨੈਟ ਦੇ ਅਜੋਕੇ ਦੌਰ ਵਿੱਚ ਅਜਿਹੀਆਂ ਸੂਚਨਾਵਾਂ ਪੜ੍ਹਨ/ ਸੁਣਨ ਨੂੰ ਮਿਲਣ ਲੱਗੀਆਂ ਹਨ, ਜੋ ਬਿਲਕੁਲ ਸੱਚ ਨਹੀਂ ਹੁੰਦੀਆਂ, ਜਿਨ੍ਹਾਂ ਨੂੰ ਰੋਕਣ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਪੱਤਰਕਾਰੀ ਵਿੱਚ ਇਮਾਨਦਾਰ ਲੋਕਾਂ ਦੀ ਕਮੀ ਨਹੀਂ, ਜੋ ਸਹੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ। ਕਿਤੇ ਅਥਾਰਿਟੀ ਅਜਿਹੇ ਲੋਕਾਂ ਦੀ ਕਲਮ ਨੂੰ ਰੋਕਣ ਦਾ ਕੰਮ ਨਾ ਕਰੇ।

ਪਿਛਲੇ ਸਮੇਂ ਵੇਖਿਆ ਗਿਆ ਕਿ ਮੀਡੀਆ 'ਚ ਪੇਡ ਨਿਊਜ਼ ਤੇ ਖਬਰਾਂ ਨੂੰ ਤੋੜ-ਭੰਨ ਕੇ ਪੇਸ਼ ਕਰਨ ਤੇ ਮੀਡੀਆ 'ਤੇ ਕਾਰਪੋਰੇਟ ਘਰਾਣਿਆਂ ਦਾ ਦਬਦਬਾ ਵਧਣ ਤੇ ਮੀਡੀਆ ਦੇ ਸਿਆਸੀ ਪਾਰਟੀਆਂ ਨਾਲ ਗੱਠਜੋੜ ਦੇ ਮਾਮਲੇ ਸਾਹਮਣੇ ਆਏ ਹਨ। ਇਸ ਨਾਲ ਆਮ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚਣੀ ਔਖੀ ਹੋ ਗਈ ਹੈ। ਪ੍ਰਿੰਟ ਮੀਡੀਆ ਵਿੱਚ ਕੰਮ ਕਰਦੇ ਪੱਤਰਕਾਰਾਂ ਨੂੰ ਆਜ਼ਾਦੀ ਨਾਲ ਲਿਖਣ ਨਹੀਂ ਦਿੱਤਾ ਜਾਂਦਾ ਅਤੇ ਟੈਲੀਵਿਜ਼ਨ ਨਿਊਜ਼ ਰੂਮ ਵਿੱਚ ਨਿਰਪੱਖ ਸਵਾਲ ਪੁੱਛਣ ਨਹੀਂ ਦਿੱਤੇ ਜਾਂਦੇ। ਜੇ ਕਿਤੇ ਕੋਈ ਪੱਤਰਕਾਰ ਜਾਂ ਨਿਊਜ਼ ਐਂਕਰ ਸਰਕਾਰ ਦੀਆਂ ਨਾਕਾਮੀਆਂ ਬਾਰੇ ਸਵਾਲ ਕਰਦਾ ਹੈ ਤਾਂ ਉਸ ਨੂੰ ਅਦਾਰੇ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ। ਉਨ੍ਹਾਂ ਹੀ ਮੀਡੀਆ 'ਚੋਂ ਬਾਗੀ ਹੋਏ ਪੱਤਰਕਾਰਾਂ ਵੱਲੋਂ ਈ-ਮੀਡੀਆ ਰਾਹੀਂ-ਰਾਹੀਂ ਸੂਚਨਾਵਾਂ ਲੋਕਾਂ ਤੱਕ ਪੁਚਾਉਣ ਦਾ ਕੰਮ ਕੀਤਾ ਜਾ ਰਿਹਾ ਹੈ, ਜੋ ਘੱਟ ਸਾਧਨਾਂ ਰਾਹੀਂ ਆਪਣੇ ਕੰਮ ਵਿੱਚ ਲੱਗੇ ਹੋਏ ਹਨ। ਇਨ੍ਹਾਂ ਉਤੇ ਸਰਕਾਰੀ ਅਥਾਰਟੀ ਦਾ ਅਸਰ ਪੈਣਾ ਸੁਭਾਵਕ ਹੈ। ਅਜਿਹੇ ਹਾਲਾਤਾਂ ਵਿੱਚ ਮੀਡੀਆ ਦੇ ਇਸ ਹਿੱਸੇ ਨੂੰ ਜੇ ਸਰਕਾਰੀ ਅਥਾਰਟੀ ਦੇ ਘੇਰੇ ਹੇਠ ਲਿਆਂਦਾ ਜਾਵੇ ਤਾਂ ਉਸ ਸੰਵਿਧਾਨਿਕ ਬਾਡੀ ਅੰਦਰ ਇਸ ਖੇਤਰ ਨਾਲ ਜੁੜੇ ਈਮਾਨਦਾਰ ਲੋਕਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੋਵੇਗਾ ਤਾਂ ਜੋ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਾਲੇ ਮੀਡੀਆ ਦਾ ਨੁਕਸਾਨ ਨਾ ਹੋਵੇ। ਸਵਾਲ ਇਹ ਕਿ ਇਹ ਲੋਕ ਕੌਣ ਹੋਣਗੇ? ਇਸ ਬਾਰੇ ਧਿਆਨ ਦੇਣ ਦੀ ਲੋੜ ਹੈ।

# ਲੋਕ ਵਿਰਸੇ ਦੇ ਮਾਣਕ ਮੋਤੀ

-ਸੁਖਦੇਵ ਮਾਦਪੁਰੀ



ਲੋਕ ਵੇਦ ਦਾ ਮੁਹੱਬਤ ਬਾਰੇ ਬੋਧ ਮੰਤਰ ਹੈ:

*ਪੁੱਛ ਕੇ ਨਾ ਪੈਂਦੇ ਮਾਮਲੇ*
*ਨੇਹੁੰ ਨਾ ਲੱਗਦਾ ਜ਼ੋਰ*
*ਗੱਲਾਂ ਕਰਨ ਸੁਖਾਲੀਆਂ*
*ਔਖੇ ਪਾਲਣੇ ਬੋਲ*
*ਦਿਲ ਗੁਰਦੇ ਵਾਲੇ ਹੀ ਨੇਹੁੰ ਦੀ ਡਗਰ*
*ਦੇ ਪਾਂਧੀ ਬਣਦੇ ਹਨ-*
*ਇਸ਼ਕ ਨਗੀਨਾ ਸੋਈ ਸਮਝਣ*
*ਜੋ ਹੋਵਣ ਆਪ ਨਗੀਨੇ*
*ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ*
*ਕਾਇਰ ਲੋਕ ਕਮੀਨੇ*

ਪੰਜਾਬ ਦੇ ਪਾਣੀਆਂ ਵਿੱਚ ਮੁਹੱਬਤ ਮਿਸ਼ਰੀ ਵਾਂਗ ਘੁਲੀ ਹੋਈ ਹੈ। ਇਸ ਦੀ ਧਰਤੀ 'ਤੇ ਪ੍ਰਵਾਨ ਚੜ੍ਹੀਆਂ ਮੂੰਹ ਜ਼ੋਰ ਮੁਹੱਬਤਾਂ ਨੂੰ ਪੰਜਾਬੀਆਂ ਨੇ ਆਪਣੀ ਦਿਲ ਤਖਤੀ 'ਤੇ ਬਿਠਾਇਆ ਹੋਇਆ ਹੈ। ਪੰਜਾਬੀਆਂ ਦਾ ਖੁੱਲ੍ਹਾ-ਡੁੱਲ੍ਹਾ ਤੇ ਹਰ ਕਿਸੇ ਨਾਲ ਘੁਲ-ਮਿਲ ਜਾਣ ਦਾ ਸੁਭਾਅ ਪਰਾਇਆਂ ਨੂੰ ਵੀ ਆਪਣਾ ਬਣਾ ਲੈਂਦਾ ਹੈ। ਜਦੋਂ ਦੋ ਦਿਲਾਂ ਦਾ ਮੇਲ ਹੁੰਦਾ ਹੈ ਨਾ ਕੋਈ ਦੇਸ਼, ਨਾ ਜਾਤ ਬਰਾਬਦੀ, ਨਾ ਧਰਮ ਤੇ ਨਾ ਭਾਸ਼ਾ ਕਿਸੇ ਤਰ੍ਹਾਂ ਅੜਚਣ ਪਾਉਂਦੀ ਹੈ। ਇਸ਼ਕ ਓਪਰਿਆਂ ਨੂੰ ਵੀ ਆਪਣਾ ਬਣਾ ਲੈਂਦਾ ਹੈ-ਬਲਖ ਬੁਖਾਰੇ ਤੋਂ ਵਪਾਰ ਕਰਨ ਆਇਆ ਅਮੀਰਜ਼ਾਦਾ ਇਜਤ ਬੇਗ ਗੁਜਰਾਤ ਦੇ ਘੁਮਾਰ ਤੁਲੇ ਦੀ ਧੀ ਸੋਹਣੀ ਨੂੰ ਦੇਖ ਉਸ 'ਤੇ ਫਿਦਾ ਹੋ ਜਾਂਦਾ ਹੈ ਤੇ ਉਹ ਉਸ ਨੂੰ ਮਹੀਂਵਾਲ ਰੂਪ ਵਿੱਚ ਆਪਣਾ ਲੈਂਦੀ ਹੈ। ਦੇਸ਼ ਦਸਾਂਤਰਾਂ ਦੀਆਂ ਹੱਦਾਂ ਮਿਟਾ ਕੇ ਦੋਵੇਂ ਇੱਕ-ਦੂਜੇ ਤੋਂ ਜ਼ਿੰਦੜੀ ਘੋਲ ਘੁਮਾਉਂਦੇ ਹਨ। ਇੰਜ ਹੀ ਬਲੋਚਿਸਤਾਨ ਦੇ ਇਲਾਕੇ ਮਿਕਰਾਨ ਦਾ ਸਹਿਜ਼ਾਦਾ ਪੁੰਨੂੰ ਸਿੰਧ ਦੇ ਸ਼ਹਿਰ ਭੰਬੀਰ 'ਚ ਧੋਬੀਆਂ ਦੇ ਘਰ ਪਲੀ ਸੱਸੀ ਦੇ ਹੁਸਨ ਦੀ ਤਾਬ ਨਾ ਝੱਲਦਾ ਹੋਇਆ ਆਪਣਾ ਆਪ ਸੱਸੀ 'ਤੇ ਨਿਛਾਵਰ ਕਰ ਦਿੰਦਾ ਹੈ ਤੇ ਜਦੋਂ ਪੁੰਨੂੰ ਦੇ ਭਰਾ ਉਸਨੂੰ ਬੇਹੋਸ਼ ਕਰਕੇ ਆਪਣੇ ਨਾਲ ਲੈ ਤੁਰਦੇ ਹਨ ਤਾਂ ਉਹ ਉਸ ਦੇ ਵਿਯੋਗ ਵਿੱਚ ਥਲਾਂ ਵਿੱਚ ਭੁੱਜਦੀ ਹੋਈ ਆਪਣੀ ਜਾਨ ਕੁਰਬਾਨ ਕਰ ਦਿੰਦੀ ਹੈ। ਬਲੋਚ ਪੁੰਨੂੰ ਤੇ ਸੋਹਣੀ ਦਾ ਇਜਤ ਬੇਗ ਮਹੀਂਵਾਲ ਦੇ ਰੂਪ ਵਿੱਚ ਪੰਜਾਬੀ ਲੋਕ ਮਨਾਂ ਦੇ ਚੇਤਿਆਂ ਵਿੱਚ ਵਸੇ ਹੋਏ ਹਨ। ਪੰਜਾਬ ਦੇ ਕਣ-ਕਣ ਵਿੱਚ ਰਮੀਆਂ ਮੁਹੱਬਤੀ ਰੂਹਾਂ ਸੱਸੀ-ਪੁੰਨੂੰ, ਹੀਰ ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ ਸਾਹਿਬਾ ਤੇ ਕੀਮਾ ਮਲਕੀ ਆਦਿ ਅਜਿਹੀਆਂ ਹਰਮਨ ਪਿਆਰੀਆਂ ਪ੍ਰੀਤ ਕਹਾਣੀਆਂ ਹਨ ਜਿਨ੍ਹਾਂ ਦੀ ਛਾਪ ਪੰਜਾਬੀਆਂ ਦੇ ਮਨਾਂ 'ਤੇ ਉਕਰੀ ਹੋਈ ਹੈ। ਜਿਨ੍ਹਾਂ ਬਾਰੇ ਪੰਜਾਬੀਆਂ ਨੇ ਲੋਕ ਗਾਥਾਵਾਂ ਦੀ ਸਿਰ-ਜਣਾ ਕੀਤੀ ਹੈ। ਇਹ ਚਸ਼ਮੇ ਦੇ ਪਾਣੀ ਵਾਂਗ ਅੱਜ ਵੀ ਸੱਜਰੀਆਂ ਹਨ।

ਇਹ ਸਾਰੀਆਂ ਗਾਥਾਵਾਂ ਮੱਧ ਕਾਲ ਵਿੱਚ ਵਾਪਰੀਆਂ ਹਨ। ਪਹਿਲਾਂ ਇਹ ਲੋਕ ਮਾਨਸ ਦੇ ਚੇਤਿਆਂ 'ਚ ਸਾਂਭੀਆਂ ਹੋਈਆਂ ਸਨ। ਲੋਕ ਚੇਤਿਆਂ ਤੋਂ ਇਨ੍ਹਾਂ ਨੂੰ ਸੁਣ ਕੇ ਮੱਧ-ਕਾਲ ਦੇ ਕਿੱਸਾਕਾਰਾਂ ਨੇ ਇਨ੍ਹਾਂ ਨੂੰ ਕਿੱਸਿਆਂ ਵਿੱਚ ਰੂਪਮਾਨ ਕੀਤਾ ਹੈ। ਸੈਂਕੜਿਆਂ ਦੀ ਗਿਣਤੀ ਵਿੱਚ ਇਹ ਕਿੱਸੇ ਮਿਲਦੇ ਹਨ। ਵਾਰਿਸ ਦੀ ਹੀਰ, ਪੀਲੂ ਦਾ ਮਿਰਜ਼ਾ, ਫਜ਼ਲ ਸ਼ਾਹ ਦੀ ਸੋਹਣੀ ਤੇ ਹਾਸ਼ਮ ਦੀ ਸੱਸੀ ਪੰਜਾਬੀ ਕਿੱਸਾ ਸਾਹਿਤ ਦੀਆਂ ਅਮਰ ਰਚਨਾਵਾਂ ਹਨ ਜਿਨ੍ਹਾਂ ਵਿੱਚ ਪੰਜਾਬ ਦੇ ਜਨ ਜੀਵਨ ਦੀ ਝਲਕ ਸਾਫ ਦਿਸਦੀ ਹੈ। ਪੰਜਾਬ ਦਾ ਲੋਕ ਸੱਭਿਆਚਾਰ ਇਨ੍ਹਾਂ ਵਿੱਚ ਵਿਦਮਾਨ ਹੈ। ਇਨ੍ਹਾਂ ਪ੍ਰਮੁੱਖ ਲੋਕ ਗਾਥਾਵਾਂ ਤੋਂ ਬਿਨ੍ਹਾਂ ਸਥਾਨਕ ਇਲਾਕਿਆਂ ਦੀਆਂ ਪ੍ਰੀਤ ਕਥਾਵਾਂ ਰੋਡਾ ਜਲਾਲੀ, ਸੋਹਣਾ ਜੈਨੀ, ਕਾਕਾ ਪਰਤਾਪੀ ਤੇ ਇੰਦਰ ਬੇਗੋ ਪੰਜਾਬ ਦੇ ਲੋਕ ਮਾਨਸ ਦੀਆਂ ਹਰਮਨ ਪਿਆਰੀਆਂ ਪ੍ਰੀਤਾਂ ਹਨ ਜਿਨ੍ਹਾਂ ਨੂੰ ਅਨੇਕਾਂ ਲੋਕ ਕਵੀਆਂ ਨੇ ਕਿੱਸਿਆਂ ਵਿੱਚ ਸਾਂਭਿਆ ਹੈ।

ਮੱਧਕਾਲ ਦੀਆਂ ਇਨ੍ਹਾਂ ਮੁਹੱਬਤੀ ਰੂਹਾਂ ਨੇ ਆਪਣੀ ਮੁਹੱਬਤ ਦੀ ਪੂਰਤੀ ਲਈ ਉਸ ਸਮਾਜ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਹੈ, ਨਾ ਕੋਈ ਧਰਮ, ਨਾ ਜਾਤ, ਨਾ ਗੋਤ ਉਨ੍ਹਾਂ ਦੇ ਮਿਲਾਪ ਨੂੰ ਰੋਕ ਨਹੀਂ ਸਕਿਆ। ਉਨ੍ਹਾਂ ਸਮਾਜੀ ਬੰਦਿਸ਼ਾਂ ਨੂੰ ਤੋੜ ਕੇ ਆਪਣੇ ਇਸ਼ਕ ਨੂੰ ਤੋੜ ਨਿਭਾਇਆ ਹੈ। ਅਸਲ ਵਿੱਚ ਉਨ੍ਹਾਂ ਨੇ ਆਪਣੇ ਤੌਰ 'ਤੇ ਸ਼ਖਸੀ ਆਜ਼ਾਦੀ ਦੀ ਲੜਾਈ ਲੜ ਕੇ ਇਤਿਹਾਸ ਸਿਰ-ਜਿਆ ਹੈ। ਲੋਕ ਨਾਇਕ ਵਜੋਂ ਨਿਭਾਏ ਇਤਿਹਾਸਕ ਰੋਲ ਕਰਕੇ ਪੰਜਾਬ ਦਾ ਲੋਕ ਮਾਨਸ ਉਨ੍ਹਾਂ ਨੂੰ ਆਪਣੇ ਚੇਤਿਆਂ ਵਿੱਚ ਵਸਾਈ ਬੈਠਾ ਹੈ ਅਤੇ ਅੱਜ ਵੀ ਸਾਂਦਲ ਬਾਰ ਦੇ ਲੋਕ ਹੀਰ ਨੂੰ 'ਮਾਈ ਹੀਰ' ਤੇ ਰਾਂਝੇ ਨੂੰ 'ਮੀਆਂ ਰਾਂਝੇ' ਦੇ ਲਕਬ ਨਾਲ ਯਾਦ ਕਰਦੇ ਹਨ।

ਪੁਰਾਤਨ ਸਮੇਂ ਤੋਂ ਪੰਜਾਬ ਵਿਦੇਸ਼ੀ ਹਮਲਾਵਰਾਂ ਲਈ ਮੁੱਖ ਦੁਆਰ ਰਿਹਾ ਹੈ ਜਿਸ ਕਰਕੇ ਆਏ ਦਿਨ ਪੰਜਾਬੀਆਂ ਨੂੰ ਵਿਦੇਸ਼ੀ ਹਮਲਾਵਰਾਂ ਨਾਲ ਜੂਝਣਾ ਪਿਆ ਹੈ। ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਜਾਂਦਾ ਹੈ। ਨਿੱਤ ਲੜਾਈਆਂ ਕਾਰਨ ਪੰਜਾਬੀਆਂ ਦੇ ਖੂਨ ਵਿੱਚ ਸੂਰਮਤਾਈ ਅਤੇ ਬਹਾਦਰੀ ਦੇ ਅੰਸ਼ ਸਮੋਏ ਹੋਏ ਹਨ। ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਪੰਜਾਬੀ ਜਿੱਥੇ ਮੁਹੱਬਤੀ ਰੂਹਾਂ ਨੂੰ ਪਿਆਰ ਕਰਦੇ ਹਨ ਉਥੇ ਉਨ੍ਹਾਂ ਯੋਧਿਆਂ ਸੂਰਵੀਰਾਂ ਦੀਆਂ ਵਾਰਾਂ ਵੀ ਗਾਉਂਦੇ ਹਨ ਜੋ ਆਪਣੇ ਸਮਾਜ, ਭਾਈਚਾਰੇ, ਸਵੈ ਅਣਖ ਤੇ ਸਵੈਮਾਨ ਲਈ ਜੂਝਦੇ ਹੋਏ ਸੂਰਮਤਾਈ ਵਾਲੇ ਕਾਰਨਾਮੇ ਕਰ ਵਿਖਾਉਂਦੇ ਹਨ। ਇਹ ਸੂਰਬੀਰ ਯੋਧੇ ਜਨ ਸਾਧਾਰਨ ਲਈ ਇੱਕ ਆਦਰਸ਼ ਸਨ ਤੇ ਲੋਕ ਕਵੀ ਇਨ੍ਹਾਂ ਨਾਇਕਾਂ ਦੀ ਜੀਵਨ ਕਹਾਣੀ ਆਪਣੇ ਕਿੱਸਿਆਂ ਵਿੱਚ ਬੜੀਆਂ ਲਟਕਾਂ ਨਾਲ ਬਿਆਨ ਕਰਦੇ ਹਨ। ਲੰਮਾ ਸਮਾਂ ਆਸ਼ਕਾਂ ਅਤੇ ਸੂਰਮਿਆਂ ਦੇ ਕਿੱਸੇ ਪੰਜਾਬੀ ਮਹਿਫਲਾਂ ਦਾ ਸ਼ਿੰਗਾਰ ਬਣੇ ਰਹੇ ਹਨ। ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ, ਮਿਰਜ਼ਾ, ਜੀਊਣਾ ਮੌੜ, ਸੁੱਚਾ ਸਿੰਘ ਸੂਰਮਾ, ਜੱਗਾ ਡਾਕੂ, ਸੁੰਦਰ ਸਿੰਘ ਧਾੜਵੀ ਅਤੇ ਹਰਫੂਲ ਸਿੰਘ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਨਾਇਕ ਹਨ।

ਮੱਧਕਾਲ ਵਿੱਚ ਕਿੱਸਾ ਸਾਹਿਤ ਪੰਜਾਬੀ ਜਨ ਸਾਧਾਰਨ ਦੇ ਮਨੋਰੰਜਨ ਦਾ ਵਿਸ਼ੇਸ਼ ਸਾਧਨ ਰਿਹਾ ਹੈ। ਕਵੀਸ਼ਰ ਅਤੇ ਢੱਡ ਸਾਰੰਗੀ ਵਾਲੇ ਗੁਮੰਤਰੀ ਅਖਾੜੇ ਲਾ ਕੇ ਪੰਜਾਬੀ ਲੋਕ ਨਾਇਕਾਂ ਦੇ ਜੀਵਨ ਵੇਰਵਿਆਂ ਅਤੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਆਮ ਲੋਕਾਂ ਵਿੱਚ ਪੇਸ਼ ਕਰਕੇ ਉਨ੍ਹਾਂ ਲਈ ਮਨੋਰੰਜਨ ਹੀ ਪ੍ਰਦਾਨ ਨਹੀਂ ਸੀ ਕਰਦੇ, ਬਲਕਿ ਉਨ੍ਹਾਂ ਵਿੱਚ ਭਾਈਚਾਰਕ ਅਤੇ ਸਦਾਚਾਰਕ ਕੀਮਤਾਂ ਦਾ ਸੰਚਾਰ ਕਰਦੇ ਸਨ। ਮੇਲੇ ਮਸ੍ਹਾਵਿਆਂ 'ਤੇ ਇਹ ਅਖਾੜੇ ਆਮ ਲੱਗਦੇ ਸਨ। ਲੋਕੀਂ ਹੁੰਮ ਹੁਮਾ ਕੇ ਇਨ੍ਹਾਂ ਕਵੀਸ਼ਰਾਂ ਤੇ ਗੁਮੰਤਰੀਆਂ ਦੇ ਗਾਉਣ ਸੁਣਨ ਜਾਂਦੇ ਸਨ, ਪਰ ਅੱਜਕੱਲ੍ਹ ਇਹ ਅਖਾੜੇ ਲਾਉਣ ਦੀ ਪ੍ਰੰਪਰਾ ਸਮਾਪਤ ਹੋ ਚੁੱਕੀ ਹੈ। ਕਿੱਸੇ ਪੜ੍ਹਨ ਦਾ ਰਿਵਾਜ਼ ਵੀ ਖਤਮ ਹੋ ਗਿਆ ਹੈ। ਕਿੱਸਾ ਸਾਹਿਤ ਪੰਜਾਬੀ ਦਾ ਅਨਿੱਖੜਵਾਂ ਅੰਗ ਹੈ। ਪੰਜਾਬ ਦੀ ਨਵੀਂ ਪੀੜ੍ਹੀ ਆਪਣੀ ਮੁੱਲਵਾਨ ਵਿਰਾਸਤ ਤੋਂ ਅਵੇਸਲੀ ਹੋ ਰਹੀ ਹੈ। ਸਮੇਂ ਦੀ ਲੋੜ ਹੈ ਕਿ ਉਨ੍ਹਾਂ ਨੂੰ ਵਿਰਾਸਤ ਨਾਲ ਜੋੜਿਆ ਜਾਵੇ। ਪੰਜਾਬ ਦੇ ਲੋਕ ਨਾਇਕ ਪੰਜਾਬ ਦੇ ਲੋਕ ਵਿਰਸੇ ਦੇ ਅਣਮੁੱਲੇ ਮੋਤੀ ਹਨ। ਇਨ੍ਹਾਂ ਦਾ ਸਮਾਜ ਵਿਗਿਆਨ ਅਤੇ ਲੋਕਧਾਰੀ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਅਤਿਅੰਤ ਜ਼ਰੂਰੀ ਹੈ।

ਲੋਕ ਗਾਥਾਵਾਂ ਪੰਜਾਬੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ ਜਿਨ੍ਹਾਂ ਵਿੱਚ ਪੰਜਾਬ ਦੀ ਆਤਮਾ ਵਿਦਮਾਨ ਹੈ। ਇਨ੍ਹਾਂ ਨੂੰ ਸੁਣ-ਪੜ੍ਹ ਕੇ ਪੰਜਾਬੀ ਮਨ ਆਤਮਿਕ ਅਤੇ ਬੌਧਿਕ ਆਨੰਦ ਪ੍ਰਾਪਤ ਕਰਦਾ ਹੈ।

# ਡਿਗਰੀਆਂ ਵਧੀਆਂ, ਪਰ ਘਟ ਗਈ ਸਿਆਣਪ

-ਪ੍ਰਿੰ. ਵਿਜੈ ਕੁਮਾਰ

ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਰੁਜ਼ਗਾਰ ਦਿਵਾਉਣ ਦੇ ਨਾਲ-ਨਾਲ ਚੰਗੇ ਇਨਸਾਨ ਬਣਾਉਣ ਦੀ ਹਾਮੀ ਵੀ ਭਰਦੀ ਹੈ ਤੇ ਜ਼ਿੰਦਗੀ ਦੀ ਹਕੀਕਤ ਨਾਲ ਰੂ-ਬ-ਰੂ ਕਰਾਉਂਦੀ ਹੈ। ਸਿੱਖਿਆ ਮਨੁੱਖ ਦੇ ਗਿਆਨ ਦਾ ਤੀਜਾ ਨੇਤਰ ਖੋਲ੍ਹਦੀ ਹੈ। ਇਸ ਦੇ ਉਦੇਸ਼ ਤੇ ਸਿਧਾਂਤ ਮਨੁੱਖ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਸਿੱਖਿਆ ਪ੍ਰਾਪਤ ਇਨਸਾਨ ਉਜੱਡਾਂ ਤੇ ਬੇਗੁਰਿਆਂ ਤੋਂ ਅੱਡ ਹੁੰਦਾ ਹੈ। ਉਸ ਨੂੰ ਜ਼ਿੰਦਗੀ ਜਿਊਣ ਦੀ ਜਾਚ ਆ ਜਾਂਦੀ ਹੈ। ਸਮਾਜ ਵਿੱਚ ਵਿਚਰਨਾ ਸਿੱਖ ਜਾਂਦਾ ਹੈ। ਜੇ ਪੜ੍ਹਿਆ ਲਿਖਿਆ ਇਨਸਾਨ ਆਪਣੇ ਆਪ ਨੂੰ ਸਿੱਖਿਆ ਸਿਧਾਂਤਾਂ ਤੇ ਉਦੇਸ਼ਾਂ ਦੇ ਮੇਚ ਦਾ ਨਹੀਂ ਕਰ ਸਕਦਾ ਤਾਂ ਉਸ ਕੋਲ ਪੜ੍ਹਾਈ ਦੀਆਂ ਡਿਗਰੀਆਂ ਹੋ ਸਕਦੀਆਂ ਹਨ, ਪਰ ਉਹ ਚੰਗਾ ਇਨਸਾਨ ਨਹੀਂ ਕਿਹਾ ਜਾ ਸਕਦਾ।

ਸਾਡੀ ਰਿਸ਼ਤੇਦਾਰੀ ਵਿੱਚ ਇਕ ਸੱਜਣ ਨੇ ਆਪਣੇ ਸਭ ਤੋਂ ਵੱਡੇ ਪੁੱਤ ਨੂੰ ਪੜ੍ਹਾਉਣ ਲਈ ਆਪਣੀ ਜ਼ਿੰਦਗੀ ਜਿਊਣ ਦਾ ਸਾਧਨ ਜੀ ਪੀ ਐਫ ਦੇ ਫੰਡ ਦਾ ਅੱਧਾ ਹਿੱਸਾ ਖਰਚ ਕਰ ਦਿੱਤਾ। ਉਸ ਦਾ ਪਿਓ ਕਹੇ ਕਿ ਉਸ ਦੇ ਪੁੱਤਰ ਨੇ ਪੀ ਐਚ ਡੀ ਕਰਕੇ ਸਮਾਜ ਵਿੱਚ ਉਸ ਦਾ ਸਿਰ ਉਚਾ ਕਰ ਦਿੱਤਾ ਹੈ। ਪੁੱਤਰ ਸਰਕਾਰੀ ਕਾਲਜ 'ਚ ਪ੍ਰੋਫੈਸਰ ਲੱਗ ਗਿਆ, ਉਸ ਦਾ ਪਿਓ ਧਰਤੀ ਨੂੰ ਹੱਥ ਲਾ-ਲਾ ਕੇ ਕਹੇ ਕਿ ਇਹੋ ਜਿਹੇ ਪੁੱਤ ਹਰ ਘਰ ਜੰਮਣ। ਡਾਕਟਰ ਸਾਹਿਬ ਨੂੰ ਪੀ ਐਚ ਡੀ ਦਾ ਇਹੋ ਜਿਹਾ ਨਸ਼ਾ ਚੜ੍ਹਿਆ ਕਿ ਉਸ ਨੇ ਪਿਓ ਦੇ ਸੁਪਨਿਆਂ ਦਾ ਧੂੰਆਂ ਕੱਢ ਦਿੱਤਾ। ਉਸ ਨੇ ਲਵ ਮੈਰਿਜ ਕਰਾਉਣ ਵੇਲੇ ਆਪਣੇ ਪਿਓ ਨੂੰ ਪੁੱਛਿਆ ਤੱਕ ਨਹੀਂ। ਕਾਲਜ ਵਿੱਚ ਲੱਗੀ ਆਪਣੀ ਪਤਨੀ ਨੂੰ ਲੈ ਕੇ ਪਰਵਾਰ ਤੋਂ ਵੱਖਰਾ ਹੋ ਗਿਆ। ਉਸ ਦੇ ਪਿਓ ਨੂੰ ਕਰਜ਼ਾ ਚੁੱਕ ਕੇ ਦੂਜੇ ਬੱਚਿਆਂ ਨੂੰ ਵਿਆਹੁਣਾ ਪਿਆ।

ਜਦੋਂ ਦੇਸ਼ ਵਿੱਚ ਪੜ੍ਹੇ ਲਿਖੇ ਨਹੀਂ ਸੀ, ਮਨਾਂ 'ਚ ਇਕ ਦੂਜੇ ਪ੍ਰਤੀ ਮੋਹ ਹੁੰਦਾ ਸੀ। ਬਜ਼ੁਰਗਾਂ ਦਾ ਪਰਵਾਰਾਂ 'ਚ ਪੂਰਾ ਮਾਣ ਸਤਿਕਾਰ ਸੀ। ਦੁਨਿਆਵੀ ਧਨ ਦੌਲਤ ਨਾਲੋਂ ਸੰਸਕਾਰ, ਮਰਿਆਦਾ ਤੇ ਮਮਤਾ ਦਾ ਧਨ ਵੱਧ ਮਹੱਤਵ ਪੂਰਨ ਹੁੰਦਾ ਸੀ, ਪਰ ਜਿਵੇਂ-ਜਿਵੇਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਪੜ੍ਹਿਆਂ ਲਿਖਿਆਂ ਦੀ ਗਿਣਤੀ ਵਧੀ ਹੈ, ਸਮਾਜ ਨਿਗਾਰ ਵੱਲ ਜਾ ਰਿਹਾ ਹੈ। ਰਿਸ਼ਤਿਆਂ ਵਿੱਚ ਫਾਸਲਾ ਵਧ ਰਿਹਾ ਹੈ। ਬਿਰਧ ਆਸ਼ਰਮਾਂ ਦੀ ਗਿਣਤੀ ਵਧੀ ਹੈ, ਕਿਉਂਕਿ ਅਜੋਕੀ ਨੌਜਵਾਨ ਪੀੜ੍ਹੀ ਲਈ ਬਜ਼ੁਰਗ ਬੋਝ ਬਣਦੇ ਜਾਂਦੇ ਹਨ।

ਇਕ ਪੜ੍ਹੀ ਲਿਖੀ ਧੀ ਨੂੰ ਆਪਣੇ ਬੇਸਹਾਰਾ ਮਾਪਿਆਂ ਨੂੰ ਆਪਣੇ ਕੋਲ ਇਸ ਲਈ ਰੱਖਣਾ ਪਿਆ ਕਿ ਇਕੋ ਇਕ ਅਫਸਰ ਪੁੱਤ ਨੇ ਉਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ। ਜਦੋਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀ ਗਿਣਤੀ ਘੱਟ ਸੀ ਤੇ ਟਾਵੇਂ-ਟਾਵੇਂ ਲੋਕ ਸਿੱਖਿਆ ਪ੍ਰਾਪਤ ਕਰਦੇ ਸਨ, ਉਦੋਂ ਲੋਕਾਂ 'ਚ ਸਬਰ ਸੰਤੋਖ ਸੀ। ਅਦਾਲਤਾਂ ਵਿੱਚ ਜ਼ਮੀਨਾਂ, ਫੌਜਦਾਰੀ, ਤਲਾਕ ਤੇ ਧੋਖੇਬਾਜ਼ੀ ਦੇ ਕੇਸ ਘੱਟ ਹੁੰਦੇ ਸਨ। ਲੋਕ ਅਦਾਲਤਾਂ ਤੇ ਥਾਣਿਆਂ ਵਿੱਚ ਗੇੜੇ ਲਾਉਣ ਨੂੰ ਆਪਣੀ ਬੇਇੱਜ਼ਤੀ ਸਮਝਦੇ ਸਨ। ਅੱਜ ਕਚਹਿਰੀਆਂ ਤੇ ਥਾਣਿਆਂ ਵਿੱਚ ਲੋਕਾਂ ਦੀ ਭੀੜ ਹੈ। ਲੋਕਾਂ ਵਿੱਚ ਬਰਦਾਸ਼ਤ ਕਰਨ ਦਾ ਮਾਦਾ ਘਟੀ ਜਾਂਦਾ ਹੈ। ਇਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਵਧਦੀ ਜਾ ਰਹੀ ਹੈ। ਕ੍ਰੋਧ, ਲੋਭ ਤੇ ਹੰਕਾਰ ਸਾਡੇ ਮਨਾਂ 'ਤੇ ਭਾਰੂ ਹੁੰਦਾ ਜਾ ਰਿਹਾ ਹੈ।


ਇਕ ਪੜ੍ਹੀ ਲਿਖੀ ਕੁੜੀ ਵਿਆਹ ਦੇ ਪੰਦਰਾਂ ਦਿਨਾਂ ਮਗਰੋਂ ਆਪਣੇ ਪੇਕੇ ਘਰ ਆ ਬੈਠੀ। ਮੁੰਡੇ ਵਾਲੇ ਸੱਤ ਜਣੇ ਉਸ ਨੂੰ ਲੈਣ ਲਈ ਆਏ। ਪੰਚਾਇਤ ਹੋਈ। ਮਾਂ ਬਾਪ ਨੇ ਇਹ ਕਹਿ ਕੇ ਸਮਝਾਇਆ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਦਾ ਕੋਈ ਝਾਲੂ ਨਹੀਂ ਹੋਵੇਗਾ, ਪਰ ਉਸ ਨੇ ਉਨ੍ਹਾਂ ਦੀ ਇਕ ਨਾ ਮੰਨੀ। ਕੁਝ ਸਮੇਂ ਬਾਅਦ ਪਤਾ ਲੱਗਾ ਕਿ ਉਹ ਹੋਰ ਕਿਸੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਉਹ ਉਸ ਦੇ ਘਰ ਤਾਂ ਪਹੁੰਚ ਗਈ, ਪਰ ਵੱਸੀ ਉਸ ਘਰ ਵੀ ਨਹੀਂ।

ਅਜੋਕੀ ਪੜ੍ਹੀ ਲਿਖੀ ਪੀੜ੍ਹੀ ਨਵੀਆਂ ਕਾਰਾਂ ਦੇ ਮਾਡਲਾਂ, ਮੋਟਰ ਸਾਈਕਲਾਂ ਦੀਆਂ ਕਿਸਮਾਂ, ਮੋਬਾਈਲਾਂ, ਫੇਸਬੁੱਕ ਤੇ ਸਾਫਟਵੇਅਰਾਂ ਦੇ ਜੰਜਾਲ ਵਿੱਚ ਫਸ ਕੇ ਜ਼ਿੰਦਗੀ ਜਿਊਣ ਦੇ ਗੁਰਾਂ ਤੋਂ ਪਰ੍ਹੇ ਹੁੰਦੀ ਜਾਂਦੀ ਹੈ। ਚੰਗੀ ਵਿੱਦਿਅਕ ਯੋਗਤਾ ਰੱਖਣ ਵਾਲਾ ਇਕ ਨੌਜਵਾਨ ਹਿੰ-ਦੋਸਤਾਨ ਦੀ ਨਾਮੀ ਕੰਪਨੀ ਵਿੱਚ ਚੰਗੀ ਤਨਖਾਹ ਲੈ ਕੇ ਆਪਣੇ ਪਰਵਾਰ ਦਾ ਸ਼ਾਨਦਾਰ ਗੁਜ਼ਾਰਾ ਕਰ ਰਿਹਾ ਸੀ, ਪਰ ਡਾਲਰਾਂ, ਪੌਂਡਾਂ ਤੇ ਪੇਟੀਕੋਟ ਵੀਜ਼ੇ ਨੇ ਉਸ ਦਾ ਮਨ ਚੁੱਕ ਦਿੱਤਾ। ਪਿਓ ਦੇ ਨਾਸੀਂ ਧੂੰਆ ਚਾੜ੍ਹ ਕੇ ਉਸ ਨੇ ਗੁਜ਼ਾਰੇ ਯੋਗ ਜ਼ਮੀਨ ਗਹਿਣੇ ਧਰਾਈ ਤੇ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾ ਲਿਆ। ਨਾ ਵਿਦੇਸ਼ ਜਾ ਸਕਿਆ ਤੇ ਪੱਲੇ ਜ਼ਮੀਨ ਵੀ ਨਾ ਰਹੀ। ਨੌਕਰੀ ਹੱਥੋਂ ਜਾਂਦੀ ਰਹੀ। ਅੱਜ ਉਹ ਨਸ਼ਿਆਂ ਦਾ ਸ਼ਿਕਾਰ ਹੋ ਕੇ ਧੱਕੇ ਖਾਂਦਾ ਘੁੰਮ ਰਿਹਾ ਹੈ।

ਇਮਾਨਦਾਰੀ ਵਾਲੀ ਨੌਕਰੀ ਤੇ ਸਬਰ ਸਿਦਕ ਵਾਲਾ ਧੰਦਾ ਕਰਨਾ ਲੋਕਾਂ ਦੀ ਪਸੰਦ ਤੋਂ ਦੂਰ ਹੁੰਦੇ ਜਾਂਦੇ ਹਨ। ਹਰ ਬੰਦਾ ਰਾਤੋ ਰਾਤ ਕਰੋੜਪਤੀ ਬਣਨ ਦੀ ਦੌੜ ਵਿੱਚ ਹੈ। ਸਬਰ, ਸੰਤੋਖ, ਸਿਦਕ ਅਤੇ ਇਮਾਨਦਾਰੀ ਦੀ ਗੱਲ ਕਰਨ ਵਾਲੇ ਲੋਕਾਂ ਨੂੰ ਮੂਰਖ ਤੇ ਸਿਰਫਿਰੇ ਸਮਝਿਆ ਜਾਂਦਾ ਹੈ। ਦੋ ਨੰਬਰ ਦੀ ਕਮਾਈ ਵਾਲੀ ਨੌਕਰੀ ਲਈ ਲੋਕ ਲੱਖਾਂ ਰੁਪਏ ਰਿਸ਼ਵਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਇਕ ਨੌਜਵਾਨ ਨੇ ਰਿਸ਼ਵਤ ਵਾਲੀ ਨੌਕਰੀ ਲੈਣ ਲਈ ਘਰ ਦੀ ਜ਼ਮੀਨ ਵੇਚ ਦਿੱਤੀ। ਉਸ ਨੂੰ ਕਿਸੇ ਨੇ ਸਵਾਲ ਕੀਤਾ ਕਿ ਨੌਕਰੀ ਲੈਣ ਲਈ ਜ਼ਮੀਨ ਵੇਚਣ ਦੀ ਕੀ ਲੋੜ ਸੀ। ਜੇ ਤੂੰ ਆਪਣੀ ਜ਼ਮੀਨ 'ਤੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਨੌਕਰੀ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ। ਉਸ ਨੇ ਅੱਗਿਓਂ ਜਵਾਬ ਦਿੱਤਾ, 'ਭਾਈ ਸਾਹਿਬ, ਇਸ ਨੌਕਰੀ ਤੋਂ ਹੋਣ ਵਾਲੀ ਦੋ ਨੰਬਰ ਦੀ ਕਮਾਈ ਨਾਲ ਸਾਲ ਵਿੱਚ ਜ਼ਮੀਨ ਖਰੀਦੀ ਜਾ ਸਕਦੀ ਹੈ।'

ਧਨਾਢ ਤੇ ਤਾਕਤਵਰ ਹੋਣ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ, ਪਰ ਇਸ ਦੌੜ ਦੇ ਅੰਨ੍ਹੇਪਣ ਵਿੱਚ ਅਸੀਂ ਜ਼ਿੰਦਗੀ ਦਾ ਕਿੰਨਾ ਕੁਝ ਗੁਆਉਂਦੇ ਜਾ ਰਹੇ ਹਾਂ, ਇਸ ਦਾ ਕਿਸੇ ਨੂੰ ਅੰਦਾਜ਼ਾ ਨਹੀਂ। ਅਸੀਂ ਚੰਗੇ ਤੋਂ ਮੰਦਾ ਵੱਧ ਬੋਲਦੇ ਹਾਂ। ਸਾਡੇ ਦੇਸ਼ ਵਿੱਚ ਕਿਤਾਬਾਂ ਨਾਲੋਂ ਸ਼ਰਾਬ ਦੀਆਂ ਬੋਤਲਾਂ ਵੱਧ ਵਿਕਦੀਆਂ ਹਨ। ਸਕੂਲ ਘੱਟ ਰਹੇ ਹਨ ਤੇ ਠੇਕੇ ਵਧ ਰਹੇ ਹਨ। ਸਾਡੀ ਆਪਣਿਆਂ ਨਾਲੋਂ ਗੈਰਾਂ ਨਾਲ ਵੱਧ ਬਣਦੀ ਹੈ। ਰਿਸ਼ਤਿਆਂ ਦੇ ਨਿੱਘ ਦੀ ਫੂਕ ਨਿਕਲਦੀ ਜਾ ਰਹੀ ਹੈ। ਅਸੀਂ ਚੰਗਿਆਈ ਨਾਲੋਂ ਬੁਰਿਆਈ ਨੂੰ ਸੁਣਨ ਦੇ ਵੱਧ ਚਾਹਵਾਨ ਹੁੰਦੇ ਹਾਂ। ਬੱਚੇ ਦੂਰ ਦੁਰਾਡੇ ਸ਼ਹਿਰਾਂ ਤੇ ਵਿਦੇਸ਼ਾਂ ਵਿੱਚ ਜਾ ਕੇ ਵਸ ਰਹੇ ਹਨ। ਮਾਪਿਆਂ ਦਾ ਬੁਢਾਪਾ ਰੁਲ ਰਿਹਾ ਹੈ। ਦੂਰ ਵਸਦੇ ਬੱਚੇ ਮਾਂ ਬਾਪ ਦੇ ਦਾਹ ਸਸਕਾਰ ਤੋਂ ਬਾਅਦ ਹੀ ਪਹੁੰਚਦੇ ਹਨ। ਮਾਪਿਆਂ ਦਾ ਮਰਨਾ ਧਰਨਾ ਕਰਨ ਨਾਲੋਂ ਉਨ੍ਹਾਂ ਨੂੰ ਨੌਕਰੀ 'ਤੇ ਪਹੁੰਚਣ ਦੀ ਜਲਦੀ ਹੁੰਦੀ ਹੈ।

ਸਾਡੇ ਕੋਲ ਡਿਗਰੀਆਂ ਵਧ ਰਹੀਆਂ ਹਨ, ਸੂਝ ਬੂਝ ਘੱਟ ਰਹੀ ਹੈ। ਜਦੋਂ ਲੋਕ ਬਹੁਤੇ ਪੜ੍ਹੇ ਲਿਖੇ ਨਹੀਂ ਸੀ ਹੁੰਦੇ, ਉਨ੍ਹਾਂ ਦੇ ਦਿਲ ਸੱਚੇ ਸਨ। ਹਰੇਕ ਨਾਲ ਰਿਸ਼ਤਾ ਦਿਲੋਂ ਨਿਭਾਉਂਦੇ ਸਨ, ਪਰ ਅਜੋਕੀ ਪੀੜ੍ਹੀ ਪੜ੍ਹ ਲਿਖ ਕੇ ਡਿਗਰੀਆਂ ਤਾਂ ਹਾਸਲ ਕਰ ਰਹੀ ਹੈ, ਉਨ੍ਹਾਂ ਨੂੰ ਸਮਾਜ 'ਚ ਵਿਚਰਨ ਦਾ ਸਲੀਕਾ ਨਹੀਂ ਆਉਂਦਾ। ਰਿਸ਼ਤੇ ਨਿਭਾਉਣ ਦੀ ਥਾਂ ਅਜੋਕੀ ਪੀੜ੍ਹੀ ਰਿਸ਼ਤਿਆਂ ਨੂੰ ਬੋਝ ਸਮਝਦੀ ਹੈ। ਅੱਜ ਦੇ ਪੜ੍ਹਿਆਂ ਲਿਖਿਆਂ ਨਾਲੋਂ ਤਾਂ ਪੁਰਾਣੇ ਸਮੇਂ ਦੇ ਅਨਪੜ੍ਹ ਹੀ ਕਿਤੇ ਚੰਗੇ ਸੀ।



ਗੁਰਦੁਆਰਾ ਪਹਿਲੀ ਪਾਤਸ਼ਾਹੀ, ਚੂਹਟਾ ਮੁਫਤੀ ਬਾਕਰ, ਜ਼ਿਲਾ ਲਾਹੌਰ

ਇਹ ਇਤਿਹਾਸਕ ਅਸਥਾਨ ਜੋ ਧਰਮਸ਼ਾਲਾ ਪਹਿਲੀ ਪਾਤਿਸ਼ਾਹੀ ਦੇ ਨਾਮ ਤੋਂ ਪ੍ਰਸਿੱਧ ਹੈ, ਲਾਹੌਰ ਦਿੱਲੀ ਦਰਵਾਜ਼ੇ ਤੋਂ ਅੰਦਰ ਚੌਹੱਟਾ ਮੁਫਤੀ ਬਾਕਰ ਵਿੱਚ ਅੱਜ ਵੀ ਮੌਜੂਦ ਹੈ। ਇਸ ਇਲਾਕੇ ਨੂੰ ਉਸ ਸਮੇਂ ਸਿਰੀਆਂ ਵਾਲਾ ਬਜ਼ਾਰ ਜਾਂ ਚੌਹੱਟਾ ਜਵਾਹਰ ਮੱਲ ਆਖਿਆ ਜਾਂਦਾ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ 1567 ਬਿਕਰਮੀ 1570 ਈ ਨੂੰ ਆਪਣੇ ਇੱਕ ਪ੍ਰੇਮੀ ਦੁਨੀ ਚੰਦ ਦੇ ਘਰ ਬਿਰਾਜੇ। ਜਿਸ ਦਿਨ ਆਪ ਇੱਥੇ ਆਏ, ਦੁਨੀ ਚੰਦ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਗੁਰੂ ਜੀ ਨੇ ਉਹਨੂੰ ਇਹਨਾਂ ਪਖੰਡਾਂ ਤੋਂ ਵਰਜਿਆ ਤੇ ਗੁਰਸਿੱਖੀ ਨਾਲ ਨਿਹਾਲ ਕੀਤਾ। ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਕਰਕੇ ਇਸ ਘਰ ਨੂੰ ਗੁਰਦੁਆਰਾ ਸਾਹਿਬ ਦਾ ਮਾਣ ਪ੍ਰਾਪਤ ਹੋਇਆ। ਇਸ ਗੁਰਦੁਆਰੇ ਦੀ ਸੇਵਾ ਸੰਭਾਲ ਸ਼ੁਰੂ ਤੋਂ ਹੀ ਮਹੰਤਾਂ ਕੋਲ ਸੀ। 1920 ਈ ਵਿੱਚ ਇਸ ਦਾ ਪ੍ਰਬੰਧ ਲੋਕਲ ਕਮੇਟੀ ਕੋਲ ਆ ਗਿਆ। 1927 ਤੋਂ 1947 ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਿਹਾ ਹੁਣ ਮਹਿਕਮਾ ਔਕਾਫ ਕੋਲ ਹੈ। ਮਕਾਨ ਵਰਗੇ ਇਸ ਗੁਰਦੁਆਰੇ ਅੰਦਰ ਹੁਣ ਇੱਕ ਘਰ ਵਸਿਆ ਹੋਇਆ ਹੈ। ਪ੍ਰਕਾਸ਼ ਵਾਲੀ ਜਗਾ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਰੱਖੀ ਹੋਈ ਹੈ। ਕੋਈ ਸ਼ਰਧਾਲੂ ਆਵੇ ਤਾਂ ਦਰਸ਼ਨ ਕਰਵਾ ਦਿੰਦੇ ਹਨ।

# ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੈ ਨਹੀਂ

-ਸੁਹਾਸਿਨੀ ਹੈਦਰ



ਸ੍ਰੀਲੰਕਾ ਦੇ ਨਵੇਂ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਵੱਲੋਂ ਸਹੁੰ ਚੁੱਕਣ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਉਨ੍ਹਾਂ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕਰ ਕੇ ਭਾਰਤ ਦੀ ਯਾਤਰਾ ਕੀਤੀ। ਚੀਨ ਦੇ ਪ੍ਰਭਾਵ ਵਿਚਾਲੇ ਸ੍ਰੀਲੰਕਾਈ ਰਾਸ਼ਟਰਪਤੀ ਗੋਚਾਬਾਯਾ ਰਾਜਪਕਸ਼ੇ ਨੇ ਆਪਣੇ ਪਹਿਲੇ ਅਧਿਕਾਰਤ ਵਿਦੇਸ਼ੀ ਦੌਰੇ ਲਈ ਭਾਰਤ ਨੂੰ ਚੁਣਿਆ, ਜਿਸ ਤੋਂ ਜ਼ਾਹਿਰ ਹੈ ਕਿ ਉਹ ਭਾਰਤ ਦੇ ਨਾਲ ਸੰਬੰਧ ਨੂੰ ਕਿਸ ਰੂਪ ਵਿੱਚ ਦੇਖਦੇ ਹਨ? ਰਾਜਪਕਸ਼ੇ ਵੱਲੋਂ ਇਸ ਯਾਤਰਾ ਦੇ ਸੱਦੇ ਨੂੰ ਮੋਦੀ ਸਰਕਾਰ ਦੀ 'ਪਹਿਲਾਂ ਗੁਆਂਢੀ' ਵਾਲੀ ਨੀਤੀ ਹੇਠ ਸਵੀਕਾਰਿਆ ਗਿਆ ਸੀ। ਫਰਵਰੀ 2018 ਵਿੱਚ ਮਰਹੂਮ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਾਠਮੰਡੂ ਦੀ ਇਤਿਹਾਸਕ ਯਾਤਰਾ ਕੀਤੀ ਅਤੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਵੱਲੋਂ ਸਹੁੰ ਚੁੱਕਣ ਤੋਂ ਦੋ ਹਫਤੇ ਬਾਅਦ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਸੁਸ਼ਮਾ ਨੇ ਉਨ੍ਹਾਂ ਨੂੰ ਵੀ ਦਿੱਲੀ ਆਉਣ ਦਾ ਸੱਦਾ ਦਿੱਤਾ ਸੀ। ਦੋ ਮਹੀਨੇ ਬਾਅਦ ਓਲੀ ਨੇ ਭਾਰਤ ਦੀ ਯਾਤਰਾ ਕੀਤੀ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਭੂਟਾਨ, ਮਾਲਦੀਵ ਤੇ ਸ੍ਰੀਲੰਕਾ ਦੀ ਯਾਤਰਾ ਕਰ ਚੁੱਕੇ ਹਨ। 2018 ਵਿੱਚ ਉਨ੍ਹਾਂ ਨੇ ਮਾਲਦੀਵ ਦੇ ਰਾਸ਼ਟਰਪਤੀ ਇਬਰਾਹੀਮ ਮੁਹੰਮਦ ਸੋਲਹੇ ਦੇ ਸਹੁੰ ਚੁੱਕ ਸਮਾਰੋਹ ਵਿੱਚ ਹਾਜ਼ਰੀ ਭਰੀ ਸੀ ਅਤੇ ਮੋਦੀ ਨੇ ਉਨ੍ਹਾਂ ਨੂੰ ਇਸ ਸਾਲ ਆਪਣੇ ਦੂਜੇ ਕਾਰਜਕਾਲ ਦੌਰਾਨ ਆਯੋਜਤ ਸਹੁੰ ਚੁੱਕ ਸਮਾਰੋਹ ਵਿੱਚ ਸੱਦਾ ਦਿੱਤਾ ਸੀ। ਭਾਰਤ ਦੇ ਗੁਆਂਢੀ ਮੁਲਕਾਂ ਵਿੱਚ ਚੁਣੇ ਹੋਏ ਨੇਤਾ ਹਨ, ਜਿਨ੍ਹਾਂ ਦੇ ਨਾਲ ਵੱਡਾ ਸਿਆਸੀ ਲੋਕ ਫਤਵਾ ਹੈ। ਭਾਰਤ ਕੋਲ ਆਪਣੀ ਨੀਤੀ ਲਈ ਨਵੀਆਂ ਚੁਣੌਤੀਆਂ ਹਨ। ਭਾਰਤ ਅਤੇ ਸ੍ਰੀਲੰਕਾ ਦੋਵਾਂ ਦੀ ਇੱਛਾ ਹੈ ਕਿ ਉਹ ਮਿਲ ਕੇ ਅੱਗੇ ਵਧਣ। ਰਾਸ਼ਟਰਪਤੀ ਗੋਟਾਬਾਯਾ ਅਤੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਨਾਲ ਸਾਂਝੇ ਕੀਤੇ ਗਏ ਖਟਾਸ ਭਰੇ ਇਤਿਹਾਸ ਨੂੰ ਪਿੱਛੇ ਛੱਡਿਆ ਹੈ। ਰਾਜਪਕਸ਼ੇ ਨੇ ਇਹ ਦੋਸ਼ ਲਾਇਆ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਨੇ 2015 ਵਿੱਚ ਚੋਣਾਂ 'ਚ ਉਨ੍ਹਾਂ ਦੀ ਹਾਰ ਲਈ ਸਾਜ਼ਿਸ਼ ਰਚੀ ਸੀ। ਸ੍ਰੀਲੰਕਾ ਵਿੱਚ ਈਸਟਰ ਸੰਡੇ ਅੱਤਵਾਦੀ ਹਮਲਿਆਂ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਖੁਫੀਆ ਸਹਿਯੋਗ ਪ੍ਰਤੀ ਤੇਜ਼ੀ ਨਾਲ ਸੁਧਾਰ ਕੀਤਾ ਹੈ। ਗੋਟਾਬਾਯਾ ਨੇ ਚੋਣਾਂ ਦੌਰਾਨ ਅੱਤਵਾਦੀ ਹਮਲੇ ਨੂੰ ਵੱਡਾ ਮੁੱਦਾ ਬਣਾਇਆ ਸੀ। ਨੇਪਾਲ ਨਾਲ 2015 ਵਿੱਚ ਵਪਾਰਕ ਨਾਕਾਬੰਦੀ ਤੋਂ ਬਾਅਦ ਭਾਰਤ-ਨੇਪਾਲ ਰਿਸ਼ਤਿਆਂ ਦੀ ਕੌੜ ਵਧੀ। ਦੋਤਰਫਾ ਸਮਝੌਤਿਆਂ ਦਾ ਮੁੱਖ ਥੰਮ੍ਹ ਵਿਕਾਸ ਪ੍ਰੋਜੈਕਟ ਅਤੇ ਆਰਥਿਕ ਰਿਸ਼ਤਿਆਂ 'ਤੇ ਨਿਰਭਰ ਕਰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਐਲਾਨੇ ਗਏ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੀ ਲੋੜ ਹੈ। ਭਾਰਤ ਦੀ ਖਾਹਿਸ਼ ਹੈ ਕਿ ਉਹ ਉਤਰੀ ਅਤੇ ਪੂਰਬੀ ਦੇਸ਼ਾਂ ਵਿੱਚ ਮੁੱਢਲੀਆਂ ਸਹੂਲਤਾਂ ਵਿੱਚ ਆਪਣੀ ਰੁਚੀ ਦਿਖਾਏ, ਜਿਸ ਵਿੱਚ ਜਾਫਨਾ-ਕੋਲੰਬੋ ਰੇਲ ਟਰੈਕ ਅਤੇ ਹੋਰ ਰੇਲ ਲਾਈਨਾਂ ਦੀ ਅੱਪਗ੍ਰੇਡਿੰਗ ਸ਼ਾਮਲ ਹੈ। ਇਸ ਤੋਂ ਇਲਾਵਾ ਭਾਰਤ ਵੱਲੋਂ ਬਿਜਲੀ ਦੇਣ ਲਈ ਇਲੈਕਟ੍ਰੀਸਿਟੀ ਟਰਾਂਸਮਿਸ਼ਨ ਹਾਸਲ ਕਰਾਉਣਾ ਸ਼ਾਮਲ ਹੈ। ਕੋਲੰਬੋ ਦੀ ਸਹਿਯੋਗ ਕਰਨ ਦੀ ਇੱਛਾ-ਸ਼ਕਤੀ ਅੱਗੇ ਨਵੀਂ ਦਿੱਲੀ ਨੂੰ ਉਸ ਨੂੰ ਸਹਿਯੋਗ ਕਰਨ ਦੀ ਵੀ ਇੱਛਾ ਜਤਾਉਣੀ ਹੋਵੇਗੀ।

ਪੂਰਬੀ ਪ੍ਰਾਂਤ ਵਿੱਚ 2017 ਵਿੱਚ ਸਾਬਕਾ ਪ੍ਰਧਾਨ ਮੰਤਰੀ ਰਨਿਲ ਵਿਕਰਸਿੰਘੇ ਅਤੇ ਨਵੀਂ ਦਿੱਲੀ ਵਿਚਾਲੇ ਹੋਏ ਸਮਝੌਤੇ ਹੇਠ ਪ੍ਰੋਜੈਕਟਾਂ ਵਿੱਚ ਘੱਟ ਪ੍ਰਗਤੀ ਹੋਈ ਹੈ। ਇਨ੍ਹਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਭਾਰਤ ਨੂੰ ਰੁਚੀ ਦਿਖਾਉਣੀ ਹੋਵੇਗੀ। ਭਾਰਤ ਨੂੰ ਲੰਕਾ ਵਿੱਚ ਚੀਨੀ ਨਿਵੇਸ਼ ਨਾਲ ਵੀ ਨਜਿੱਠਣਾ ਹੋਵੇਗਾ। ਭਾਰਤ-ਜਾਪਾਨ ਦਾ ਇੱਕ ਸਮਝੌਤਾ ਹੋਇਆ ਹੈ, ਜਿਸ ਤਹਿਤ ਕੋਲੰਬੋ ਹਾਰਬਰ ਵਿੱਚ ਈਸਟ ਕੰਟੇਨਰ ਟਰਮੀਨਲ ਵਿਕਸਿਤ ਕਰਨਾ ਸ਼ਾਮਲ ਹੈ। ਸੈਂਟਰ ਬੈਂਕ ਆਫ ਸ੍ਰੀਲੰਕਾ, ਬੰਗਲਾ ਦੇਸ਼ ਬੈਂਕ ਅਤੇ ਨੇਪਾਲ ਰਾਸ਼ਟਰ ਬੈਂਕ ਤੋਂ ਇਕੱਠੇ ਕੀਤੇ ਡਾਟਾ ਨਾਲ ਪਤਾ ਲੱਗਾ ਹੈ ਕਿ ਸ੍ਰੀਲੰਕਾ ਹੀ ਨਹੀਂ, ਭਾਰਤੀ ਉਪ ਮਹਾਂਦੀਪ ਵਿੱਚ ਭਾਰਤ ਨਿਵੇਸ਼ ਅੰਕੜਿਆਂ ਵਿੱਚ ਪਿੱਛੇ ਹੈ। ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਦਾ ਸ੍ਰੀਲੰਕਾ, ਬੰਗਲਾ ਦੇਸ਼ ਤੇ ਨੇਪਾਲ ਵਿੱਚ ਪ੍ਰਤੱਖ ਵਿਦੇਸ਼ੀ ਨਿਵੇਸ਼ ਚੀਨ ਦੇ 2014-15 ਤੋਂ ਜ਼ਿਆਦਾ ਸੀ। ਇਹੀ ਸਥਿਤੀ ਮਾਲਦੀਵ ਦੀ ਵੀ ਹੈ, ਜਿੱਥੇ ਕੋਈ ਵੀ ਚੀਨੀ ਪ੍ਰੋਜੈਕਟ ਅਟਕਿਆ ਨਹੀਂ ਹੈ ਅਤੇ ਨਾ ਹੀ ਰੱਦ ਹੋਇਆ ਹੈ। ਨੇਪਾਲ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਯਾਤਰਾ ਤੋਂ ਬਾਅਦ ਨੇਪਾਲ-ਚੀਨ ਦੇ ਰਿਸ਼ਤੇ ਮਜ਼ਬੂਤ ਹੋਏ ਹਨ। ਸੜਕ, ਰੇਲ ਅਤੇ ਹੋਰ ਪ੍ਰੋਜੈਕਟਾਂ 'ਤੇ ਕੰਮਾਂ ਵਿੱਚ ਤਰੱਕੀ ਦਿਖਾਈ ਦੇ ਰਹੀ ਹੈ। ਬੰਗਲਾ ਦੇਸ਼, ਜੋ ਇਸ ਖੇਤਰ ਵਿੱਚ ਕਰੀਬੀ ਸਹਿਯੋਗੀ ਹੈ, ਨੇ ਪਿਛਲੇ ਸਾਲ ਚੀਨ ਤੋਂ 3.6 ਬਿਲੀਅਨ ਡਾਲਰ ਦਾ ਪ੍ਰਤੱਖ ਵਿਦੇਸ਼ੀ ਨਿਵੇਸ਼ ਦੇਖਿਆ ਹੈ, ਜਿਸ ਵਿੱਚ 50 ਬਿਲੀਅਨ ਡਾਲਰ ਬੈਲਟ ਐਂਡ ਰੋਡ ਪ੍ਰਾਮੀਸਿਜ਼ ਸ਼ਾਮਲ ਹੈ। ਇਹ ਅੰਕੜੇ ਉਚਾਈ ਵੱਲ ਵਧ ਰਹੇ ਹਨ। ਇਨ੍ਹਾਂ ਸਭ ਨੂੰ ਦੇਖਦੇ ਹੋਏ ਭਾਰਤ ਲਈ ਗੁਆਂਢੀ ਦੇਸ਼ਾਂ ਤੋਂ ਇਸ ਬਾਰੇ ਚੁਣੌਤੀ ਮਿਲ ਰਹੀ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਮੋਦੀ ਸਰਕਾਰ ਨੂੰ ਕੋਈ ਮਿਸਾਲ ਪੇਸ਼ ਕਰਨੀ ਹੋਵੇਗੀ। ਭਾਰਤ ਦੇ ਅੰਦਰੂਨੀ ਮਾਮਲਿਆਂ, ਜਿਵੇਂ ਧਾਰਾ 370, ਨਾਗਰਿਕ ਸੋਧ ਬਿੱਲ, ਐਨ ਆਰ ਸੀ ਅਤੇ ਮੌਬ ਲਿੰਚਿੰਗ ਦੇ ਕੇਸਾਂ 'ਤੇ ਗੁਆਂਢੀ ਦੇਸ਼ਾਂ ਵਿੱਚ ਤੇਜ਼ੀ ਨਾਲ ਚਰਚਾ ਹੋ ਰਹੀ ਹੈ, ਜਿਸ ਦਾ ਨਵੀਂ ਦਿੱਲੀ ਨਾਲ ਗੱਲਬਾਤ 'ਤੇ ਅਸਰ ਪਵੇਗਾ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਬਿਆਨ ਵਿੱਚ ਸ੍ਰੀਲੰਕਾਈ ਰਾਸ਼ਟਰਪਤੀ ਗੋਟਾਬਾਯਾ ਨੂੰ ਕਿਹਾ ਹੈ ਕਿ ਘੱਟਗਿਣਤੀਆਂ ਵਿਚਾਲੇ ਸਮਾਨਤਾ, ਨਿਆਂ, ਸ਼ਾਂਤੀ ਅਤੇ ਮਰਿਆਦਾ ਨੂੰ ਕਾਇਮ ਰੱਖਣ ਲਈ ਸੰਵਿਧਾਨਕ ਵਾਅਦਿਆਂ ਨੂੰ ਨਿਭਾਉਣਾ ਹੋਵੇਗਾ। ਜੰਮੂ-ਕਸ਼ਮੀਰ ਵਿੱਚ ਸਰਕਾਰ ਵੱਲੋਂ ਚੋਣਾਂ ਕਰਾਉਣ ਤੋਂ ਅਸਫਲ ਰਹਿਣ ਅਤੇ ਘਾਟੀ ਦੇ ਨੇਤਾਵਾਂ ਦੀ ਲੰਮੀ ਗ੍ਰਿਫਤਾਰੀ ਕਾਰਨ ਭਾਰਤ ਦੀ ਸਾਖ ਡਿਗੀ ਹੈ। ਅਜਿਹੀ ਹਾਲ ਵਿੱਚ ਭਾਰਤ ਮਾਲਦੀਵ, ਪਾਕਿਸਤਾਨ ਅਤੇ ਬੰਗਲਾ ਦੇਸ਼ ਵਿੱਚ ਰਹਿ ਰਹੇ ਹਿੰਦੂਆਂ ਅਤੇ ਸਿੱਖ ਘੱਟਗਿਣਤੀਆਂ ਦੇ ਸੰਵਿਧਾਨਕ ਅਧਿਕਾਰਾਂ ਬਾਰੇ ਕਿਵੇਂ ਲੈਕਚਰ ਦੇ ਸਕਦਾ ਹੈ? ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਜਿਵੇਂ ਕਹਿੰਦਾ ਹੈ, ਉਸ ਤਰ੍ਹਾਂ ਹੈ ਨਹੀਂ।

# ਆਟਾ ਤੇ ਡਾਟਾ

-ਅਸ਼ੋਕ ਗੌਤਮ

ਅੱਜ ਸੰਘਰਸ਼ ਜੇ ਕਿਸੇ ਵਿਚਕਾਰ ਹੈ ਤਾਂ ਸਿਰਫ ਆਟੇ ਤੇ ਡਾਟੇ ਵਿਚਕਾਰ। ਉਹ ਸਾਥੋਂ ਡਾਟੇ ਦੇ ਹਥਿਆਰ ਨਾਲ ਸਾਡਾ ਆਟਾ ਖੋਹ ਰਹੇ ਹਨ। ਅੱਜ ਜਦੋਂ ਜਦੋਂ ਡਾਟੇ ਦਾ ਦਾਅ ਲੱਗ ਰਿਹਾ ਹੈ, ਉਹ ਆਟੇ ਨੂੰ ਪਛਾੜਨ ਵਿੱਚ ਜੁਟਿਆ ਹੈ। ਆਟੇ ਨੂੰ ਗੁੰਨ੍ਹਣ 'ਚ ਜੁਟਿਆ ਹੈ ਤੇ ਵਿਚਾਰਾ ਆਟਾ ਇੱਕ ਵਾਰ ਫਿਰ ਪੂੰਜੀਪਤੀਆਂ ਦੇ ਹੱਥੋਂ ਨਵੇਂ ਤਰੀਕੇ ਨਾਲ ਲੁੱਟਿਆ ਹੈ, ਆਪਣਾ ਮੂੰਹ ਤੱਕਦੇ ਹੋਏ। ਮੈਂ ਅੰਨ੍ਹੀਆਂ ਅੱਖਾਂ ਨਾਲ ਵੀ ਦੇਖ ਰਿਹਾ ਹਾਂ ਕਿ ਅੱਜ ਡਾਟਾ ਮੰਦ-ਮੰਦ ਮੁਸਕਰਾਉਂਦੇ ਹੋਏ ਸਾਥੋਂ ਆਟਾ ਖੋਹ ਰਿਹਾ ਹੈ। ਹਰ ਵਰਗ ਆਟਾ ਛੱਡ ਡਾਟੇ ਦੇ ਪਿੱਛੇ ਇੰਝ ਨੱਠ ਰਿਹਾ ਹੈ ਜਿਵੇਂ ਉਸ ਦੇ ਪੈਰ ਪਿੱਛੇ ਰਹਿ ਗਏ ਹਨ। ਉਹ ਫਿਰ ਵੀ ਡਾਟੇ ਪਿੱਛੇ ਨੱਠਦਾ ਜਾ ਰਿਹਾ ਹੈ। ਮੇਰੀ ਪੁੱਛੋ ਤਾਂ ਮੈਂ ਬਿਨਾਂ ਆਟੇ ਦੇ ਕਈ ਹਫਤੇ ਜੀਅ ਸਕਦਾ ਹਾਂ ਮਜ਼ੇ ਨਾਲ, ਪਰ ਬਿਨਾਂ ਡਾਟੇ ਦੇ ਮੈਨੂੰ ਕੋਈ ਇੱਕ ਪਲ ਵੀ ਜਿਊਣ ਲਈ ਆਖੇ ਤਾਂ ਮੇਰਾ ਜਿਊਣਾ ਮੁਹਾਲ ਹੋ ਜਾਵੇ।

ਕੱਲ੍ਹ ਪਤਾ ਨਹੀਂ ਕੀ ਹੋਇਆ ਕਿ ਮੈਨੂੰ ਪਤਾ ਨਾ ਚੱਲਿਆ ਕਿ ਕਦੋਂ ਮੇਰਾ ਡਾਟਾ ਖਤਮ ਹੋ ਗਿਆ। ਮੈਂ ਪ੍ਰੇਸ਼ਾਨ। ਮੈਂ ਆਪਣੀ ਪ੍ਰੇਸ਼ਾਨੀ ਵਿੱਚ ਆਪਣੇ ਪੁਰਖੇ ਤੱਕ ਪਰੇਸ਼ਾਨ ਕਰ ਦਿੱਤੇ। ਡਾਟਾ ਖਤਮ ਹੋਣ 'ਤੇ ਦਿਮਾਗ ਸੁੰਨ ਹੋ ਗਿਆ। ਲੱਗਿਆ ਜਿਵੇਂ ਨਸਾਂ ਦਾ ਲਹੂ ਜੰਮ ਗਿਆ ਹੋਵੇ। ਸਰੀਰ ਵਿੱਚ ਜਿਵੇਂ ਪ੍ਰਾਣ ਨਹੀਂ ਸਨ। ਅੱਖਾਂ ਦੇ ਸਾਹਮਣੇ ਹਨੇਰਾ ਛਾ ਰਿਹਾ ਸੀ। ਮੈਨੂੰ ਜਾਪਿਆ, ਮੇਰੀ ਅੰਤਿਮ ਘੜੀ ਨੇੜੇ ਆ ਗਈ ਹੈ। ਮੈਂ ਮਨ ਹੀ ਮਨ ਡਾਟੇ ਵਾਲੀ ਸਭ ਤੋਂ ਸਸਤੀ ਕੰਪਨੀ ਦਾ ਧਿਆਨ ਕੀਤਾ ਤਾਂ ਕੰਪਨੀ ਦੀ ਕ੍ਰਿਪਾ ਮੇਰੇ 'ਤੇ ਬਰਸੀ ਅਤੇ ਅਚਾਨਕ ਹੀ ਕਿਤੋਂ ਡਾਟਾ ਦਾਨ ਕਰਨ ਵਾਲੇ ਸੱਜਣ ਆ ਪੁੱਜੇ। ਉਨ੍ਹਾਂ ਮੁਸਕਰਾਉਂਦੇ ਹੋਏ ਹੌਟ ਸਪਾਟ 'ਤੇ ਆਪਣੇ ਡਾਟੇ ਨਾਲ ਮੈਨੂੰ ਜੋੜਿਆ ਤੇ ਮੇਰੇ ਬੰਦ ਹੋਏ ਸਾਹ ਫਿਰ ਚੱਲਣੇ ਸ਼ੁਰੂ ਹੋ ਗਏ।

ਕੋਈ ਮੰਨੇ ਜਾਂ ਨਾ ਮੰਨੇ, ਪਰ ਅੱਜ ਦੀ ਤਰੀਕ 'ਚ ਅੱਖਾਂ ਦਾਨ ਨਾਲੋਂ ਜ਼ਿਆਦਾ ਮਹੱਤਵ ਡਾਟਾ ਦਾਨ ਦਾ ਹੈ। ਜਿਧਰ ਦੇਖੋ, ਹਰ ਮਸ਼ਹੂਰ ਕੰਪਨੀ ਦੇ ਆਟੇ 'ਤੇ ਹਰ ਮਾਮੂਲੀ ਤੋਂ ਮਾਮੂਲੀ ਕੰਪਨੀ ਦਾ ਡਾਟਾ ਭਾਰੀ ਹੈ। ਆਟਾ ਵਿਚਾਰਾ ਭੁੱਖਿਆਂ ਢਿੱਡਾਂ ਦਾ ਮੂੰਹ ਤੱਕ ਰਿਹਾ ਹੈ ਤੇ ਬਾਜ਼ਾਰ 'ਚ ਬੋਰੀਆਂ 'ਚ ਪਿਆ ਪਿਆ ਧੂੜ ਫੱਕ ਰਿਹਾ ਹੈ, ਪਰ ਸਭ ਆਟਾ ਛੱਡ ਡਾਟੇ ਦੇ ਪਿੱਛੇ ਬਦਹਵਾਸ ਨੱਠ ਰਹੇ ਹਨ। ਜੋ ਵੀ ਹੈ ਬੱਸ ਡਾਟਾ-ਡਾਟਾ ਰੌਲਾ ਪਾ ਰਿਹਾ ਹੈ। ਹਵਾ, ਪਾਣੀ ਦੇ ਬਦਲੇ ਅੱਜ ਦਾ ਜੀਵ ਡਾਟਾ ਪੀ ਰਿਹਾ ਹੈ, ਡਾਟਾ ਪਹਿਨ ਰਿਹਾ ਹੈ, ਡਾਟਾ ਖਾ ਰਿਹਾ ਹੈ। ਉਹ ਤੜਕੇ ਉਠਦੇ ਹੀ ਡਾਟੇ ਨਾਲ ਫੇਸਵਾਸ਼ ਕਰਦਾ ਹੈ, ਰਾਤ ਨੂੰ ਡਾਟੇ ਨੂੰ ਆਪਣੇ ਪੱਲੇ ਨਾਲ ਚਿਪਕਾਈ ਆਪਣੀ ਖਿਆਲੀ ਦੁਨੀਆ 'ਚ ਜੀਅ ਭਰ ਵਿਚਰਦਾ ਹੈ। ਤੜਕੇ ਉਸ ਕੋਲ ਡਾਟਾ ਬਚਿਆ ਹੋਵੇ ਤਾਂ ਜੀਅ ਭਰ ਖੁਸ਼ ਹੁੰਦਾ ਹੈ। ਜਦੋਂ ਡਾਟਾ ਨਾ ਬਚਿਆ ਹੋਵੇ ਤਾਂ ਸਭ ਦੇ ਨਾਲ ਹੋਣ ਦੇ ਬਾਵਜੂਦ ਵੀ ਆਪਣੇ-ਆਪ ਨੂੰ ਸਮਾਜ 'ਚ ਬਿਲਕੁਲ ਇਕੱਲਾ ਪਾ ਕੇ ਭੁੱਬਾਂ ਮਾਰ ਮਾਰ ਕੇ ਰੋਂਦਾ ਹੈ।

ਜਿਧਰ ਦੇਖੋ ਡਾਟੇ ਦਾ ਜਾਦੂ ਸਮਾਜ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਜਿਸ ਕੋਲ ਮੋਬਾਈਲ ਵੀ ਨਹੀਂ ਉਹ ਆਟਾ ਗੁੰਨ੍ਹਣ ਲਈ ਉਸ 'ਚ ਪਾਣੀ ਦੇ ਬਦਲੇ ਡਾਟਾ ਘੋਲ ਰਿਹਾ ਹੈ। ਡਾਟੇ ਨੇ ਹਰ ਜੀਵ-ਅਜੀਵ ਨੂੰ ਬੋਲ਼ਾ ਕਰ ਦਿੱਤਾ ਹੈ। ਉਹ ਡਾਟੇ ਦੇ ਸਿਵਾ ਕੋਈ ਗੱਲ ਹੀ ਨਹੀਂ ਕਰਨੀ ਚਾਹੁੰਦਾ। ਘੱਟ ਪੈਸਿਆਂ 'ਚ ਤੇਜ਼ ਡਾਟਾ ਕਿੱਥੋਂ ਮਿਲੇਗਾ, ਇਸ ਤੋਂ ਇਲਾਵਾ ਕੁਝ ਸੁਣਨਾ ਹੀ ਨਹੀਂ ਚਾਹੁੰਦਾ। ਜਿਨ੍ਹਾਂ ਦੀਆਂ ਟੰਗਾਂ ਜਵਾਬ ਦੇ ਚੁੱਕੀਆਂ ਹਨ ਉਹ ਵੀ ਡਾਟੇ ਦੀ ਸਪੀਡ ਦੀਆਂ ਟੰਗਾਂ 'ਤੇ ਨੱਠ ਕੇ ਭਵਸਾਗਰ ਪਾਰ ਹੋਣਾ ਚਾਹੁੰਦੇ ਹਨ।

ਅੱਜ ਜੀਵ ਨੂੰ ਜਲ ਨਹੀਂ ਚਾਹੀਦਾ, ਕਿਉਂਕਿ ਅੱਜ ਜਲ ਜੀਵਨ ਨਹੀਂ, ਡਾਟਾ ਜੀਵਨ ਹੈ। ਅੱਜ ਦੇ ਜੀਵ ਨੂੰ ਹਵਾ ਨਹੀਂ ਚਾਹੀਦੀ, ਕਿਉਂਕਿ ਅੱਜ ਹਵਾ ਜੀਵਨ ਨਹੀਂ, ਅੱਜ ਡਾਟਾ ਜੀਵਨ ਹੈ। ਅੱਜ ਦੇ ਜੀਵ ਦੇ ਸਾਹ ਹਵਾ 'ਤੇ ਨਹੀਂ ਡਾਟੇ 'ਤੇ ਨਿਰਭਰ ਹਨ। ਅੱਜ ਦੇ ਜੀਵ ਨੂੰ ਅੱਗ ਨਹੀਂ ਚਾਹੀਦੀ, ਕਿਉਂਕਿ ਅੱਗ 'ਚ ਉਹ ਤੇਜੀ ਨਹੀਂ, ਜਿਹੜੀ ਡਾਟੇ ਵਿੱਚ ਹੈ। ਅੱਜ ਦੇ ਜੀਵਨ ਨੂੰ ਆਕਾਸ਼ ਨਹੀਂ ਚਾਹੀਦਾ, ਆਕਾਸ਼ 'ਚ ਉਹ ਖੁੱਲ੍ਹਾਪਣ ਨਹੀਂ, ਜਿਹੜਾ ਡਾਟਾ ਉਸ ਨੂੰ ਦੇ ਸਕਦਾ ਹੈ। ਅੱਜ ਦੇ ਜੀਵ ਨੂੰ ਚਾਹੀਦਾ ਹੈ ਤਾਂ ਬੱਸ ਡਾਟਾ। ਜਿਹੜਾ ਉਸ ਨੂੰ ਜਿੰਨਾ ਜ਼ਿਆਦਾ ਡਾਟਾ ਹਾਸਲ ਕਰਵਾਏਗਾ ਉਹ ਉਸੇ ਦਾ ਮੁਰੀਦ ਹੋਵੇਗਾ। ਅੱਜ ਸਾਨੂੰ ਚਾਹੀਦਾ ਹੈ ਤਾਂ ਬਸ ਡਾਟਾ, ਡਾਟਾ, ਡਾਟਾ। ਬਿਹਤਰ ਜੀਵਨ ਜਿਊਣ ਲਈ ਅੱਜ ਪਿਆਰ ਗੁੰਮ ਹੋ ਗਿਆ ਹੈ। ਜਿਸ ਦੇ ਕੋਲ ਜਿੰਨੀ ਹਾਈ ਸਪੀਡ ਵਾਲਾ ਸਿਮ ਉਹ ਓਨਾ ਹੀ ਫਾਸਟ। ਡਾਟੇ ਦਾ ਨਾ ਕੋਈ ਧਰਮ, ਡਾਟੇ ਦੀ ਨਾ ਕੋਈ ਕਾਸਟ। ਜੈ ਹੋਵੇ ਧਰਮ-ਨਿਰਪੱਖ ਡਾਟੇ ਦੀ...।

# ਚਾਰ ਕੋਹਾਂ 'ਤੇ ਬਦਲੇ ਵਾਣੀ

-ਬਲਦੇਵ ਸਿੰਘ ਸੜਕਨਾਮਾ

ਸਾਡੇ ਬਾਬੇ ਆਖਦੇ ਸਨ, ਬਾਰਾਂ ਕੋਹਾਂ ਉੱਤੇ ਬੋਲੀ ਬਦਲ ਜਾਂਦੀ ਹੈ। ਉਹ ਇਹ ਵੀ ਆਖਦੇ ਸਨ, 'ਇੱਕ ਕੋਹ 'ਤੇ ਬਦਲੇ ਪਾਣੀ, ਚਾਰ ਕੋਹਾਂ 'ਤੇ ਬਦਲੇ ਵਾਣੀ।' ਮਾਲਵੇ ਦੇ ਕਿਸੇ ਖੇਤਰੀ ਸ਼ਬਦ ਨੂੰ ਸਾਡੇ ਮਾਝੇ ਵਾਲੇ ਬੁਰਾ ਮਨਾ ਸਕਦੇ ਹਨ। ਪੁਆਧ ਵਾਲਿਆਂ ਲਈ ਦੁਆਬੇ ਦਾ ਕੋਈ ਸ਼ਬਦ ਵਰਜਿਤ ਹੋ ਸਕਦਾ ਹੈ। ਜੇ ਇਕੋ ਪ੍ਰਾਂਤ ਵਿੱਚ ਬੋਲੀ ਦਾ ਖੇਤਰਾਂ ਦੇ ਪੱਖ ਤੋਂ ਏਨਾ ਵਖਰੇਵਾਂ ਹੈ ਤਾਂ ਸੋਚੋ, ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿੱਚ ਅਰਥਾਂ ਦਾ ਅਨਰਥ ਹੋਣਾ ਸੁਭਾਵਿਕ ਹੈ।

ਗੱਲ ਕਲਕੱਤਾ ਮਹਾਂਨਗਰ ਦੀ ਸ਼ੁਰੂ ਕਰਦੇ ਹਾਂ। ਜ਼ਿਲ੍ਹਾ ਮੋਗਾ ਦੇ ਇੱਕ ਪਿੰਡ ਤੋਂ ਘਰ ਦੇ ਕੰਮਾਂ ਤੋਂ ਤੇ ਪੜ੍ਹਾਈ ਤੋਂ ਡਰਦਾ ਇੱਕ ਪੇਂਡੂ ਗੱਡੀ ਸਿੱਖਣ ਕਲਕੱਤਾ ਆ ਗਿਆ। ਅਜੇ ਦੋ ਕੁ ਮਹੀਨੇ ਹੋਏ ਸਨ ਟਰੱਕ 'ਤੇ ਖਲਾਸੀਪੁਣ ਕਰਦਿਆਂ, ਬੰਗਲਾ ਬੋਲੀ ਦਾ ਉਹ ਹਾਲੇ ਊੜਾ ਆੜਾ ਨਹੀਂ ਸੀ ਸਮਝਦਾ। ਕੁਝ ਪੁਰਾਣੇ ਹੰਢੇ-ਵਰਤੇ ਸ਼ਾਤਰ ਡਰਾਈਵਰਾਂ ਨੇ ਉਸਦੀ ਰਹਿੰਦੀ-ਖੂੰਹਦੀ ਮੱਤ ਮਾਰੀ ਹੋਈ ਸੀ। ਕਦੇ ਕਹਿਣਾ, 'ਹੈਡ ਲਾਈਟਾਂ ਨੂੰ ਗਰੀਸ ਕਰ ਦਿੱਤਾ ਕਿ ਨਹੀਂ? ਜਾਂ ਸਲਾਹ ਦੇਣੀ, ਕੰਜਰਾ ਮਾਲਕ ਦੇ ਆਉਣ ਤੋਂ ਪਹਿਲਾਂ-ਪਹਿਲਾਂ ਰੇਡੀਏਟਰ 'ਚ ਤੇਲ ਪਾਇਆ ਕਰ, ਗੱਡੀ ਗਰਮ ਨੀਂ ਹੁੰਦੀ, ਖਿਚਾਈ ਵੀ ਬਹੁਤ ਕਰੂ।' ਡਰਾਈਵਰ ਭਾਈਚਾਰਾ ਮਾੜੇ ਬੰਦੇ ਦਾ ਇਉਂ ਬੁਰਾ ਹਾਲ ਕਰ ਦਿੰਦੇ ਜਿਵੇਂ ਬਹੁਤੇ ਦਿਓਰਾਂ 'ਚ ਭਰਜਾਈ ਦਾ ਹੁੰਦੈ। ਸਾਡਾ ਇਹ ਮੁੰਡਾ ਅਜੇ ਇਨ੍ਹਾਂ ਦਾ ਪੂਰਾ ਭੇਤੀ ਨਹੀਂ ਸੀ ਹੋਇਆ। ਮਾਲ ਗੁਹਾਟੀ ਦਾ ਲੋਡ ਸੀ। ਗੱਲ ਇਉਂ ਹੋਈ। ਰਾਤ ਵੇਲੇ ਨੋ ਐਂਟਰੀ ਖੁੱਲ੍ਹਣ ਤੋਂ ਬਾਅਦ ਅਜੇ ਉਨ੍ਹਾਂ ਸ਼ਾਮ ਬਾਜ਼ਾਰ ਪਾਰ ਕਰਕੇ ਏਅਰਪੋਰਟ ਰੋਡ 'ਤੇ ਗੱਡੀ ਚੜ੍ਹਾਈ ਸੀ, ਪਿਛਲੇ ਟਾਇਰ ਵਿੱਚੋਂ ਅਚਾਨਕ ਫਿਸ਼ੂੰ-ਫਿਸ਼ੂੰ.. ਦੀ ਆਵਾਜ਼ ਆਉਣ ਲੱਗੀ। 'ਓ ਤੇਰਾ ਭਲਾ ਹੋਜੇ।' ਕਹਿ ਕੇ ਡਰਾਈਵਰ ਨੇ ਸਾਈਡ ਕਰਕੇ ਗੱਡੀ ਰੋਕ ਲਈ। ਟਾਇਰ ਵਿੱਚ ਕੋਈ ਕਿੱਲ-ਪੱਤੀ ਲੱਗ ਗਈ ਸੀ।

ਨੇੜੇ ਹੀ ਪਿੱਛੇ ਟਾਇਰ ਪੰਚਰ ਲਾਉਣ ਵਾਲਿਆਂ ਦੀ ਦੁਕਾਨ ਸੀ। 'ਸਟਿਪਨੀ ਕਾਹਨੂੰ ਹੁਣੇ ਲਾਉਣੀ ਐ। ਪੈਂਚਰ ਈ ਲੁਆ ਲੈਂਦੇ ਆਂ। ਟਾਇਰ ਸਾਲਾ ਚੰਗਾ ਭਲਾ ਸੀ। ਕੋਹ ਨਾ ਚੱਲੀ ਬਾਬਾ ਤਿਹਾਈ ਕਿੱਥੇ, ਗੁਹਾਟੀ ਪਿਐ।.. ਬੁੜ-ਬੁੜ ਕਰਦੇ ਡਰਾਈਵਰ ਨੇ ਪਹਿਲਾਂ ਚੱਕੇ ਦੇ ਨਟ ਢਿੱਲੇ ਕੀਤੇ, ਫਿਰ ਜੈੱਕ ਲਾਇਆ, ਨਾਲ ਹੀ ਉਹ ਮੁੰਡੇ ਨੂੰ ਸਮਝਾਉਂਦਾ ਰਿਹਾ। 'ਐ ਟਾਇਰਾਂ ਨੂੰ ਓਟੇ ਲਾਈਦੇ ਐ, ਇਉਂ ਜੈਂਕ ਲਾਈਦਾ ਹੈ। ਇਸ ਤਰ੍ਹਾਂ ਟਾਇਰ ਰਾਡ ਦੇ ਸਹਾਰੇ ਬਾਹਰ ਕੱਢ ਲਈਦਾ ਹੈ..।' ਟਾਇਰ ਖੋਲ੍ਹ ਕੇ ਉਸਨੇ ਮੁੰਡੇ ਨੂੰ ਹਦਾਇਤ ਕੀਤੀ, ਇਥੇ ਲੁਟੇਰਾ ਗਰੋਹ ਆਮ ਫਿਰਦਾ ਰਹਿੰਦੈ। ਗੱਡੀ ਨੂੰ ਲੌਕ ਕਰਕੇ ਉਪਰ ਹੁੱਡ ਵਿੱਚ ਚੜ੍ਹ ਕੇ ਬਹਿ ਜਾਈਂ ਤੇ ਨਜ਼ਰ ਰੱਖੀਂ, ਮੈਂ ਆਇਆ ਪੈਂਚਰ ਲੁਆ ਕੇ।' ਡਰਾਈਵਰ ਟਾਇਰ ਰੋੜ੍ਹਦਾ ਦੁਕਾਨ ਵੱਲ ਤੁਰ ਗਿਆ।

ਠੰਢ ਦਾ ਮੌਸਮ ਸੀ। ਖਲਾਸੀ ਹੁੰਡ ਦੇ ਕੈਬਨ ਵਿੱਚ ਕੰਬਲ ਲਪੇਟ ਕੇ ਬੈਠ ਗਿਆ। ਉਪਰ ਗਸ਼ਤ ਕਰਦਾ ਇੱਕ ਟਰੈਫਿਕ ਪੁਲਸੀਆਂ ਨੋ ਪਾਰਕਿੰਗ ਵਿੱਚ ਟਰੱਕ ਖੜ੍ਹਾ ਵੇਖ ਕੇ ਪਹਿਲਾਂ ਹੈਰਾਨ ਹੋਇਆ, ਫਿਰ ਮੋਟਰ ਸਾਈਕਲ ਏਧਰ ਮੋੜ ਲਿਆ। ਗੱਡੀ ਦੇ ਅੱਗੇ ਪਿੱਛੇ ਗਿਆ, ਕੋਈ ਨਾ ਦਿਖਿਆ। ਕੈਬਿਨ ਦੀ ਤਾਕੀ ਖੜਕਾਈ ਕੋਈ ਆਵਾਜ਼ ਨਾ ਆਈ। ਉਪਰ ਹੁੱਡ 'ਚ ਬੈਠਾ ਖਲਾਸੀ ਛਾਪਲ ਗਿਆ। ਟਰੈਫਿਕ ਪੁਲਸੀਏ ਨੇ ਥੋੜ੍ਹਾ ਉਚੀ ਆਵਾਜ਼ ਨਾਲ ਪੁੱਛਿਆ, 'ਏ ਡਰਾਈਵਰ ਤੁਸੀਂ ਕਥੈ?' (ਡਰਾਈਵਰ ਤੂੰ ਕਿੱਥੇ ਐ?)

ਮੁੰਡੇ (ਖਲਾਸੀ) ਨੇ ਸਮਝਿਆ, ਇਸਨੇ 'ਕੁੱਤਾ ਕਹਿ ਕੇ ਗਾਲ੍ਹ ਕੱਢੀ ਹੈ, ਉਹ ਉਪਰੋਂ ਬੋਲਿਆ.. 'ਤੂੰ ਕੁੱਤਾ'।

ਟਰੈਫਿਕ ਪੁਲਸੀਆ ਹੈਰਾਨ ਹੋਇਆ ਇੱਧਰ-ਉੱਧਰ ਝਾਕਿਆ। ਹਨੇਰੇ ਵਿੱਚ ਕੁਝ ਨਾ ਦਿੱਸਿਆ। ਆਵਾਜ਼ ਉਪਰ ਵੱਲੋਂ ਆਈ ਸੀ। ਪੁੱਛਿਆ 'ਤੁਸੀਂ ਕੁਥੈ?' (ਤੂੰ ਕਿੱਥੇ ਐ)

ਮੁੰਡੇ ਨੇ ਫਿਰ ਕਿਹਾ, 'ਤੂੰ ਕੁੱਤਾ ਐ।'

'ਅਰੇ ਕੁਥੈ ਥੀਕੇ ਬੋਲਦੋ ਬਾਬਾ!' ਪੁਲਸੀਏ ਨੇ ਝੁੰਜਲਾ ਕੇ ਪੁੱਛਿਆ (ਤੂੰ ਕਿੱਥੋ ਬੋਲਦੇ ਬਾਬਾ?)

ਮੁੰਡੇ ਨੇ ਸਮਝਿਆ ਕਿਤੇ ਸਿਪਾਹੀ ਪੁੱਛਦਾ ਹੈ, ਕੁੱਤਾ ਕਿਵੇਂ ਬੋਲਦਾ ਹੈ? ਮੁੰਡੇ ਨੇ ਤਿੰਨ ਚਾਰ ਵਾਰ ਬਊਂ..ਬਊਂ..ਬਊਂ.. ਕਰਕੇ ਕਿਹਾ, 'ਏਕਾ ਬੋਲਦੈ ਕੁੱਤਾ'।

ਇੰਨੇ ਵਿੱਚ ਸਾਹੋ-ਸਾਹ ਹੋਇਆ ਡਰਾਈਵਰ ਪੈਂਚਰ ਲਗਵਾ ਕੇ ਆ ਗਿਆ। ਉਸਨੇ ਟਰੈਫਿਕ ਵਾਲਾ ਵੇਖਦਿਆਂ ਹੀ ਕਿਹਾ 'ਅਰੇ ਸਾਹਬ ਮ੍ਹਾਰੀ ਕਿਸਮਤ ਮੇਂ ਤੋਂ ਧੱਕੇ ਲਿਖੇ ਐਂ.. ਆਪ ਕਾਹੇ ਠੰਢ ਮੇਂ..।'

ਪੁਲਸੀਏ ਨੇ ਗੱਲ ਪੂਰੀ ਵੀ ਨਾ ਕਰਨ ਦਿੱਤੀ ਰੋਹਬ ਨਾਲ ਬੋਲਿਆ; 'ਨੋ ਪਾਰਕਿੰਗ ਮੇਂ ਖੜ੍ਹਾ ਹੈ।'

ਗੱਲ ਇੱਕ ਦਿਨ ਦੁਪਹਿਰ ਦੀ ਛੁੱਟੀ ਵੇਲੇ ਦੀ ਹੈ। ਸਕੂਲ ਦੇ ਬਾਹਰਲੇ ਪਾਸੇ ਇੱਕ ਪਹਾੜੀਏ ਦੀ ਛੋਟੀ ਜਿਹੀ ਝੁੱਗੀ ਨੁਮਾ ਚਾਹ ਦੀ ਦੁਕਾਨ ਸੀ। ਇੱਥੇ ਅਕਸਰ ਵਿਹਲੇ ਪੀਰੀਅਡ ਵਿੱਚ ਜਾਂ ਛੁੱਟੀ ਸਮੇਂ ਅਧਿਆਪਕ ਚਾਹ ਪੀਣ ਜਾਂਦੇ ਸਨ। ਦੁਕਾਨ ਸੜਕ ਕੰਢੇ ਹੋਣ ਕਰਕੇ ਰਾਹ ਗੀਰ ਵੀ ਚਾਹ ਪੀਣ ਕਦੇ-ਕਦੇ ਰੁਕ ਜਾਂਦੇ ਸਨ। ਜਦੋਂ ਮੈਂ ਇਸ ਦੁਕਾਨ 'ਤੇ ਚਾਹ ਪੀਣ ਆਇਆ ਤਾਂ ਉਥੇ ਪਹਾੜੀਏ ਅਧਿਆਪਕ ਬੈਠੇ ਹੋਏ ਸਨ। ਦੋ ਕੁ ਬਾਹਰ ਦੇ ਗਾਹਕ ਵੀ ਸਨ। ਦੁਕਾਨ ਵਾਲੇ ਨੂੰ ਪਤਾ ਹੁੰਦਾ ਸੀ ਅਸੀਂ ਇਥੇ ਚਾਹ ਪੀਣ ਹੀ ਆਉਂਦੇ ਹਾਂ, ਉਹ ਵੇਖ ਕੇ ਹੀ ਚਾਹ ਬਣਾ ਕੇ ਅੱਗੇ ਧਰ ਦਿੰਦਾ ਸੀ।

ਚਾਹ ਦਾ ਗਲਾਸ ਚੁੱਕਦਿਆਂ ਮੈਂ ਕਿਹਾ-'ਲਾਲਾ ਇੱਕ ਮੱਠੀ ਵੀ ਦੇਣਾ।' ਸਾਰੇ ਉਥੇ ਬੈਠੇ ਮੇਰੇ ਵੱਲ ਇਕਦਮ ਝਾਕੇ। ਚਾਹ ਵਾਲੇ ਪਹਾੜੀਏ ਨੇ ਮੇਰੇ ਵੱਲੋ ਅੱਖਾਂ ਕੱਢੀਆਂ। ਮੈਂ ਫਿਰ ਕਿਹਾ, 'ਲਾਲਾ ਇੱਕ ਮੱਠੀ ਦੇਹ।'

ਇੱਕ ਪਹਾੜੀਏ ਅਧਿਆਪਕ ਨੇ ਮੇਰੇ ਕੂਹਣੀ ਮਾਰ ਕੇ ਹੌਲੀ ਜਿਹੀ ਕਿਹਾ, 'ਸਰਦਾਰ ਮਾਰ ਖਾਣੀ ਐਂ?'

'ਕੀ ਹੋਇਆਂ? ਮੈਂ ਹੈਰਾਨ ਸੀ।


'ਮਾਸਟਰ ਗਲਾਣਾ ਤਾਂ ਸਿੱਖੂ ਲੈ।' ਦੁਕਾਨਦਾਰ ਨੇ ਕਿਹਾ।

ਬਾਅਦ ਵਿੱਚ ਪਹਾੜੀਏ ਅਧਿਆਪਕ ਨੇ ਦੱਸਿਆ, 'ਏਥੇ ਜੁਆਨ ਕੁੜੀ ਨੂੰ ਮੱਠੀ ਆਖਦੇ ਨੇ, ਕਿਸੇ ਹੋਰ ਥਾਂ ਇਸ ਤਰ੍ਹਾਂ ਨਹੀਂ ਗਲਣਾ (ਬੋਲਣਾ)। ਇੱਧਰ ਤੁਹਾਡੀ ਮੱਠੀ ਨੂੰ ਨਿਮਕੀ ਆਖਦੇ ਨੇ।' ਸਿਆਣੇ ਸੱਚ ਹੀ ਆਖਦੇ ਨੇ ਬੋਲਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ।

## ਕੀ ਦਮ ਦਾ ਭਰੋਸਾ ਯਾਰ

*ਕਦੇ ਹੁੰਦੀ ਸੀ ਸਾਫ, ਹਵਾ ਮੇਰੇ
ਦੇਸ਼ ਦੀ
ਹੁਣ ਦਿਨ ਵਿੱਚ ਹੀ, ਘੁੱਪ
ਹਨੇਰਾ ਹੋ ਜਾਵੇ
ਜਦ ਵੇਖਾਂ ਮੈਂ ਅਸਮਾਨ ਵੱਲ,
ਦਿਲ ਇੱਕੋ ਗੀਤ ਗਾਵੇ
ਕੀ ਦਮ ਦਾ ਭਰੋਸਾ ਯਾਰ, ਦਮ
ਆਵੇ ਜਾਂ ਨਾ ਆਵੇ।
ਦਿੱਲੀ ਵਰਗੀ ਹੋ ਗਈ, ਹੁਣ
ਹਵਾ ਜਲੰਧਰ ਦੀ
ਲੱਗਦਾ ਨਹੀਂ ਇਹ ਜਵਾਨੀ,
ਹੋਰ ਅਗਾਂਹ ਜਾਵੇ
ਜਦ ਵੇਖਾਂ ਮੈਂ ਅਸਮਾਨ ਵੱਲ,
ਦਿਲ ਇੱਕੋ ਗੀਤ ਗਾਵੇ
ਕੀ ਦਮ ਦਾ ਭਰੋਸਾ ਯਾਰ, ਦਮ
ਆਵੇ ਜਾਂ ਨਾ ਆਵੇ।
'ਨਵੀਨ' ਲੋਕੀਂ ਕਹਿੰਦੇ, ਪਰਾਲੀ
ਨਾ ਸਾੜੋ ਪੰਜਾਬ ਦੀ
ਬੱਸ ਗੱਲਾਂ ਦਾ ਕੜਾਹ, ਨਾ ਜਾਨ
ਕੱਢ ਲੈ ਜਾਵੇ
ਜਦ ਵੇਖਾਂ ਮੈਂ ਅਸਮਾਨ ਵੱਲ,
ਦਿਲ ਇੱਕੋ ਗੀਤ ਗਾਵੇ
ਕੀ ਦਮ ਦਾ ਭਰੋਸਾ ਯਾਰ, ਦਮ
ਆਵੇ ਜਾਂ ਨਾ ਆਵੇ।
ਇਹ ਪਰਾਲੀ ਜੇ ਬਣ ਜਾਵੇ,
ਖੁਰਾਕ ਪਸ਼ੂਆਂ ਦੀ
ਫਿਰ ਪੰਜਾਬ, ਹਰਿਆਣਾ,
ਦਿੱਲੀ ਸ਼ਾਇਦ ਬਚ ਜਾਵੇ
ਜਦ ਵੇਖਾਂ ਮੈਂ ਅਸਮਾਨ ਵੱਲ,
ਦਿਲ ਇੱਕੋ ਗੀਤ ਗਾਵੇ
ਕੀ ਦਮ ਦਾ ਭਰੋਸਾ ਯਾਰ, ਦਮ
ਆਵੇ ਜਾਂ ਨਾ ਆਵੇ।*

-ਨਵੀਨ ਕੁਮਾਰ





## ਸਾਬਕਾ ਵਿਧਾਇਕ ਮੱਕੜ ਨੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨੂੰ ਬੈਠਕ ਵਿੱਚ ਗਾਲ੍ਹਾਂ ਕੱਢੀਆਂ

ਜਲੰਧਰ, 10 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਬਣਾਏ ਜਾਣ ਬਾਰੇ ਵਿੱਚ ਇਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਨੇ ਕੁਰਸੀ ਨਾ ਮਿਲਣ ਉੱਤੇ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਦੇ ਪ੍ਰਧਾਨ ਕੁਲਵੰਤ ਸਿੰਘ ਮੰਨਣ ਨਾਲ ਗਾਲੀ ਗਲੋਚ ਕੀਤਾ ਹੈ। ਇਹ ਮੀਟਿੰਗ ਸੋਢਲ ਦੇ ਗੁਰਦੁਆਰੇ ਵਿੱਚ ਰੱਖੀ ਗਈ ਸੀ। ਮੀਟਿੰਗ ਮਗਰੋਂ ਜਦੋਂ ਪਾਰਟੀ ਦੇ ਛੇ-ਸੱਤ ਸੀਨੀਅਰ ਆਗੂਆਂ ਨੇ ਵੱਖਰੀ ਮੀਟਿੰਗ ਕਰਨੀ ਸੀ, ਉਦੋਂ ਇਹ ਸਭ ਕੁਝ ਵਾਪਰਿਆ। ਇਸ ਮੌਕੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਥਾਪੇ ਅਬਜ਼ਰਵਰ ਸਾਬਕਾ ਮੰਤਰੀ ਮਹਿੰਦਰ ਕੌਰ ਜੋਸ਼ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਆਏ ਸਨ। ਮੀਟਿੰਗ ਮਗਰੋਂ ਕੁਝ ਸੀਨੀਅਰ ਆਗੂਆਂ ਨੇ ਵੱਖਰੀ ਮੀਟਿੰਗ ਕਰਨੀ ਸੀ ਤਾਂ ਉਸ ਵਿੱਚ ਸਰਬਜੀਤ ਸਿੰਘ ਮੱਕੜ ਜਾ ਪਹੁੰਚੇ ਤੇ ਬੈਠਨ ਲੱਗੇ ਤਾਂ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮੰਨਣ ਨੇ ਕਿਹਾ, 'ਇਸ ਕੁਰਸੀ ਉੱਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਬੈਠਣਾ ਹੈ, ਤੁਸੀਂ ਮੇਰੇ ਵਾਲੀ ਕੁਰਸੀ 'ਤੇ ਆ ਜਾਓ।'

ਦੱਸਿਆ ਜਾਂਦਾ ਹੈ ਕਿ ਇਸ 'ਤੇ ਸਰਬਜੀਤ ਸਿੰਘ ਮੱਕੜ ਆਪੇ ਤੋਂ ਬਾਹਰ ਹੋ ਗਏ ਤੇ ਕੁਲਵੰਤ ਸਿੰਘ ਮੰਨਣ ਨਾਲ ਗਾਲੀ ਗਲੋਚ ਕੀਤਾ। ਮੌਕੇ 'ਤੇ ਹਾਜ਼ਰ ਬੀਬੀ ਮਹਿੰਦਰ ਕੌਰ ਜੋਸ਼ ਨੇ ਗੱਲ ਵਧਦੀ ਦੇਖ ਕੇ ਬਾਹਰ ਖੜ੍ਹੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਇਸ ਬਾਰੇ ਦੱਸਿਆ ਤਾਂ ਗਰੇਵਾਲ ਸਰਬਜੀਤ ਸਿੰਘ ਮੱਕੜ ਨੂੰ ਸਖ਼ਤੀ ਨਾਲ ਤਾੜਿਆ। ਇਸ ਘਟਨਾ ਬਾਰੇ ਸੂਬਾ ਉਪ ਪ੍ਰਧਾਨ ਕਮਲਜੀਤ ਸਿੰਘ ਭਾਟੀਆ ਨੇ ਕਿਹਾ ਕਿ ਜੋ ਵੀ ਹੋਇਆ, ਮਾੜਾ ਹੋਇਆ। ਇਸ ਨਾਲ ਪਾਰਟੀ ਵਰਕਰਾਂ ਵਿੱਚ ਨਿਰਾਸ਼ਾ ਫੈਲੇਗੀ। ਉਂਜ ਨੈਤਿਕ ਤੌਰ 'ਤੇ ਧਾਰਮਿਕ ਸਥਾਨ 'ਤੇ ਅਜਿਹੀ ਭੱਦੀ ਸ਼ਬਦਾਵਲੀ ਵਰਤਣੀ ਮਰਿਆਦਾ ਦੇ ਉਲਟ ਹੈ। ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਦੀ ਪਤਨੀ ਕੌਂਸਲਰ ਜਸਪਾਲ ਕੌਰ ਵੀ ਵੱਡੀ ਗਿਣਤੀ ਵਿੱਚ ਬੀਬੀਆਂ ਨੂੰ ਲੈ ਕੇ ਮੀਟਿੰਗ ਵਿੱਚ ਆਏ ਹੋਏ ਸਨ।

## ਅਕਾਲ ਤਖ਼ਤ ਆਪਣੀ ਕਮੇਟੀ ਵਿੱਚ ਸ਼ਾਮਲ ਲੋਕਾਂ ਦੇ ਨਾਮ ਜਨਤਕ ਕਰੇ: ਢੱਡਰੀਆਂਵਾਲਾ



ਸੰਗਰੂਰ, 10 ਦਸੰਬਰ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਰ ਦੁਆਰ ਸ਼ੇਖ਼ੂਪੁਰ ਦੇ ਮੁੱਖ ਸੇਵਾਦਾਰ ਰਣਜੀਤ ਸਿੰਘ ਢੱਡਰੀਆਂ ਵਾਲਾ ਨੇ ਮਹੀਨਾਵਾਰ ਦੀਵਾਨਾਂ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਪਣੇ ਕੇਸ ਬਾਰੇ ਅਕਾਲ ਤਖਤ ਸਾਹਿਬ ਦੀ ਮਾਮਲਾ ਵੇਖਣ ਲਈ ਬਣਾਈ ਗਈ ਕਮੇਟੀ ਬਾਰੇ ਨਵੇਂ ਸਵਾਲ ਕੀਤੇ ਹਨ। ਸੰਤ ਢਡਰੀਆਂ ਵਾਲਾ ਨੇ ਸਵਾਲ ਕੀਤਾ ਕਿ ਇੱਕ ਇੰਟਰਵਿਊ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਨੇ ਇੱਕ ਕਮੇਟੀ ਬਣਾਈ ਹੈ ਜਿਸ ਨੂੰ ਢਡਰੀਆਂ ਵਾਲੇ ਦੀਆਂ ਸੀਡੀਜ਼ ਸੌਂਪ ਦਿੱਤੀਆਂ ਹਨ ਅਤੇ ਕਮੇਟੀ ਉਨ੍ਹਾਂ ਸੀਡੀਜ਼ ਨੂੰ ਸੁਣ ਕੇ ਰਿਪੋਰਟ ਅਕਾਲ ਤਖ਼ਤ ਸਾਹਿਬ ਨੂੰ ਸੌਂਪੇਗੀ, ਜਿਸ ਤੋਂ ਅਗਲੀ ਕਰਾਵਾਈ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਵਾਲ ਕੀਤਾ ਕਿ ਕਮੇਟੀ ਵਿੱਚ ਜੋ ਵਿਅਕਤੀ ਸ਼ਾਮਲ ਹਨ, ਉਨ੍ਹਾਂ ਦੇ ਨਾਮ ਦੱਸੇ ਜਾਣ? ਜਿਹੜੀਆਂ ਸੀਡੀਜ਼ ਵਿੱਚੋਂ ਉਹ ਗ਼ਲਤੀ ਕੱਢਣਗੇ, ਉਨ੍ਹਾਂ ਦੀਵਾਨਾਂ ਦਾ ਵੇਰਵਾ ਦਿੱਤਾ ਜਾਵੇ ਤਾਂ ਜੋ ਉਹੀ ਦੀਵਾਨ ਦੁਬਾਰਾ ਨੈੱਟ ਉੱਤੇ ਪਾ ਕੇ ਅਸੀਂ ਸੰਗਤਾਂ ਦੇ ਵਿਚਾਰ ਜਾਣੀਏ? ਉਨ੍ਹਾਂ ਆਖਿਆ ਕਿ ਜਿਹੜੇ ਦੀਵਾਨਾਂ ਵਿੱਚੋਂ ਕਮੇਟੀ ਗ਼ਲਤੀਆਂ ਕੱਢੇਗੀ, ਉਹੀ ਦੀਵਾਨ ਸੰਗਤਾਂ ਨੂੰ ਸੁਣਾ ਕੇ ਸੰਗਤਾਂ ਦੇ ਸੁਝਾਅ ਲਏ ਜਾਣਗੇ। ਰਣਜੀਤ ਸਿੰਘ ਨੇ ਆਖਿਆ ਕਿ ਮਨੁੱਖ ਕੁਦਰਤ ਦੇ ਨਿਯਮਾਂ ਵਿੱਚ ਰਹਿਣਾ ਚਾਹੀਦਾ ਹੈ। ਗੁਰਬਾਣੀ ਨੂੰ ਪੜ੍ਹਨ ਅਤੇ ਸਮਝਣ ਦੇ ਨਾਲ-ਨਾਲ ਇਸ ਦੇ ਨਾਲ ਜੁੜਿਆ ਰਹਿਣਾ ਚਾਹੀਦਾ ਹੈ।ਉਨ੍ਹਾਂ ਆਖਿਆ ਬਾਜ਼ਾਂ ਵਾਲੇ ਨੂੰ ਪੰਥ ਦਾ ਮਲਕ ਦੱਸਣ ਵਾਲੇ ਲੋਕ ਖ਼ੁਦ ਹੀ ਮਾਲਕ ਬਣ ਬੈਠੇ ਹਨ, ਜਿਸ ਨੂੰ ਜੀਅ ਕਰਦਾ ਹੈ ਐਵਾਰਡ ਦੇ ਦਿੰਦੇ ਹਨ, ਜਿਸ ਨੂੰ ਜੀਅ ਕਰੇ ਪੰਥ ਵਿੱਚੋਂ ਛੇਕ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ 'ਤੇ ਸ਼ਰਤਾਂ ਥੋਪਣ ਵਾਲੇ ਲੋਕ ਅਕਾਲ ਤਖ਼ਤ ਦੀ ਮਰਿਆਦਾ ਦੀ ਵੀ ਪ੍ਰਵਾਹ ਨਹੀਂ ਕਰਦੇ। ਰਣਜੀਤ ਸਿੰਘ ਢੱਡਰੀਆਂ ਵਾਲਾ ਨੇ ਕਿਹਾ ਕਿ ਸਾਨੂੰ ਪੰਥ ਵਿੱਚੋਂ ਛੇਕਣ ਵਾਲੇ ਜਥੇਦਾਰ ਕੌਣ ਹਨ, ਸਭ ਦੁਨੀਆ ਜਾਣਦੀ ਹੈ। ਲੋਕਾਂ ਨੂੰ ਪਤਾ ਹੈ ਕਿ ਜਥੇਦਾਰ ਕਿਹੜੇ ਲਿਫ਼ਾਫ਼ਿਆਂ ਵਿੱਚੋਂ ਨਿਕਲਦੇ ਹਨ, ਸਮੁੱਚੀ ਸਿੱਖ ਕੌਮ ਨੂੰ ਪਤਾ ਹੈ ਕਿ ਜਥੇਦਾਰੀ ਦਾ ਢਾਂਚਾ ਅਤੇ ਜਥੇਦਾਰੀ ਸਿਸਟਮ ਕੀ ਹੈ। ਉਨ੍ਹਾਂ ਆਖਿਆ ਕਿ ਉਹ ਕਿਸੇ ਵੀ ਕੀਮਤ 'ਤੇ ਨਹੀਂ ਝੁਕਣਗੇ ਅਤੇ ਜਥੇਦਾਰਾਂ ਦੇ ਪੈਰਾਂ ਵਿੱਚ ਨਹੀਂ ਬੈਠਣਗੇ। ਉਨ੍ਹਾਂ ਕਿਹਾ ਕਿ ਜੇ ਅਸੀਂ ਇਨ੍ਹਾਂ ਦੇ ਪੈਰਾਂ ਵਿੱਚ ਬੈਠ ਗਏ ਤਾਂ ਕਈ ਸਾਲਾਂ ਤੱਕ ਅਜਿਹਾ ਮੌਕਾ ਦੁਬਾਰਾ ਨਹੀਂ ਮਿਲਣਾ ਅਤੇ ਜੇ ਆਪਣੇ ਸਟੈਂਡ 'ਤੇ ਅੜੇ ਰਹੇ ਤਾਂ ਲੱਖਾਂ ਨੇ ਨਾਲ ਖੜੋ ਜਾਣਾ ਹੈ।

## ਏ ਟੀ ਐਮ ਕਾਰਡ ਜਾਂ ਪਾਸਵਰਡ ਤੋਂ ਬਿਨਾਂ ਹੀ ਚਾਰ ਲੱਖ ਚੋਰੀ

ਬਠਿੰਡਾ, 10 ਦਸੰਬਰ (ਪੋਸਟ ਬਿਊਰੋ)- ਇੱਕ ਵਿਅਕਤੀ ਨੇ ਆਪਣਾ ਏ ਟੀ ਐਮ ਕਾਰਡ ਕਿਸੇ ਨੂੰ ਨਹੀਂ ਦਿੱਤਾ, ਨਾ ਕਿਸੇ ਨੂੰ ਪਾਸਵਰਡ ਦੱਸਿਆ, ਫਿਰ ਵੀ ਉਸ ਦੇ ਖਾਤੇ ਵਿੱਚੋਂ ਏ ਟੀ ਐਮ ਰਾਹੀਂ ਚਾਰ ਲੱਖ ਰੁਪਏ ਚੋਰੀ ਹੋ ਗਏ।

ਗੁਰਜੀਤ ਸਿੰਘ ਵਾਸੀ ਭਾਗੂ ਰੋਡ ਬਠਿੰਡਾ ਵੱਲੋਂ ਐਸ ਐਸ ਪੀ ਬਠਿੰਡਾ ਨੂੰ ਦਿੱਤੀ ਸ਼ਿਕਾਇਤ ਦੇ ਮੁਤਾਬਕ ਕੁਝ ਸਮਾਂ ਪਹਿਲਾਂ ਉਸ ਦੀ ਪਤਨੀ ਦਾ ਦਿਹਾਂਤ ਹੋ ਗਿਆ ਸੀ। ਉਸ ਪਿੱਛੋਂ ਉਹਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਇਸ ਲਈ ਬੈਂਕ ਖਾਤਿਆਂ ਜਾਂ ਹੋਰ ਕੰਮਾਂ ਦੀ ਕਦੇ ਪੜਤਾਲ ਨਹੀਂ ਕੀਤੀ। ਕੱਲ੍ਹ ਜਦੋਂ ਉਸ ਨੇ ਬੈਂਕ ਦੀ ਸਟੇਟਮੈਂਟ ਕਢਵਾਈ ਤਾਂ ਪਤਾ ਲੱਗਾ ਕਿ ਉਸ ਦੇ ਖਾਤੇ ਵਿੱਚੋਂ ਏ ਟੀ ਐਮ ਰਾਹੀਂ ਰੋਜ਼ 20 ਹਜ਼ਾਰ ਰੁਪਏ ਕਢਵਾਏ ਜਾ ਰਹੇ ਹਨ। ਇਹ ਸਿਲਸਿਲਾ ਲਗਾਤਾਰ 20 ਦਿਨਾਂ ਤੋਂ ਜਾਰੀ ਸੀ। ਇਸ ਤਰ੍ਹਾਂ ਅਣਪਛਾਤੇ ਚੋਰਾਂ ਨੇ ਉਸ ਦੇ ਖਾਤੇ ਵਿੱਚੋਂ ਚਾਰ ਲੱਖ ਰੁਪਏ ਚੋਰੀ ਕਰ ਲਏ। ਉਸ ਵਿਅਕਤੀ ਦਾ ਏ ਟੀ ਐਮ ਕਾਰਡ ਵੀ ਚੋਰੀ ਨਹੀਂ ਹੋਇਆ, ਨਾ ਉਸ ਨੇ ਆਪਣਾ ਪਾਸਵਰਡ ਕਿਸੇ ਹੋਰ ਨੂੰ ਦੱਸਿਆ ਹੈ। ਫਿਰ ਇਸ ਤਰ੍ਹਾਂ ਚੋਰੀ ਹੋਣ ਪਿੱਛੇ ਕੋਈ ਤਕਨੀਕ ਨਜ਼ਰ ਆ ਰਹੀ ਹੈ। ਵਰਨਣ ਯੋਗ ਹੈ ਕਿ ਏਦਾਂ ਦੀਆਂ ਚੋਰੀਆਂ ਪਹਿਲਾਂ ਵੀ ਸਾਹਮਣੇ ਆਈਆਂ ਹਨ। ਕਈ ਮਾਮਲੇ ਹੱਲ ਵੀ ਕੀਤੇ ਗਏ ਹਨ। ਇਨ੍ਹਾਂ ਪਿੱਛੇ ਕਿਸੇ ਏ ਟੀ ਐਮ ਇੰਜੀਨੀਅਰ ਆਦਿ ਦਾ ਹੱਥ ਹੀ ਸਾਹਮਣੇ ਆਇਆ ਹੈ।

ਜਾਂਚ ਅਧਿਕਾਰੀ ਐਸ ਪੀ (ਡੀ) ਬਲਵਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਉਕਤ ਖਾਤੇ ਵਿੱਚੋਂ ਏ ਟੀ ਐਮ ਰਾਹੀਂ ਇਕੱਲੇ ਬਠਿੰਡਾ ਜਾਂ ਪੰਜਾਬ 'ਚ ਨਹੀਂ, ਬਾਹਰੀ ਰਾਜਾਂ ਵਿੱਚ ਵੀ ਪੈਸੇ ਕਢਵਾਏ ਗਏ ਹਨ। ਸਬੰਧਤ ਏ ਟੀ ਐਮਜ਼ ਦੇ ਨਾਲ ਲੱਗੇ ਸੀ ਸੀ ਟੀ ਵੀ ਤੋਂ ਫੁਟੇਜ ਤੋਂ ਚੋਰੀ ਕਰਨ ਵਾਲੇ ਵਿਅਕਤੀਆਂ ਦੀ ਸ਼ਨਾਖਤ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਹੜੀ ਫੁਟੇਜ ਮਿਲੀ ਹੈ, ਉਸ ਨੂੰ ਸੋਸ਼ਲ ਮੀਡੀਆ ਉਤੇ ਪਾਇਆ ਜਾ ਰਿਹਾ ਹੈ, ਤਾਂ ਕਿ ਕਿਸੇ ਦੋਸ਼ੀ ਦੀ ਪਛਾਣ ਹੋ ਜਾਵੇ।

## ਵਿਧਾਨ ਸਭਾ ਸਪੀਕਰ ਰਾਣਾ ਕੇਪੀ ਨੇ ਨਾਜ਼ਰ ਸਿੰਘ ਮਾਨਸ਼ਾਹੀਆ ਨੂੰ ਸ਼ੁਕਰਵਾਰ ਪੇਸ਼ ਹੋਣ ਲਈ ਕਿਹਾ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪਿਛਲੇ ਦੋਂਹ ਸਾਲਾਂ ਤੋਂ ਆਪਸੀ ਗੁੱਟਬਾਜ਼ੀ ਦਾ ਸ਼ਿਕਾਰ ਹੋਈ ਆਮ ਆਦਮੀ ਪਾਰਟੀ ਦੇ ਚਾਰ ਵਿਧਾਇਕਾਂ ਉੱਤੇ ਅਸਤੀਫ਼ਿਆਂ ਅਤੇ ਅਯੋਗਤਾ ਦੀ ਤਲਵਾਰ ਨੂੰ ਹੋਰ ਵਾਧੂ ਲਟਕਾਇਆ ਜਾ ਰਿਹਾ ਹੈ। ਵਿਧਾਨ ਸਭਾ ਦੇ ਸਪੀਕਰ ਨੇ 5ਵੀਂ ਵਾਰ ਨਵੀਂ ਤਰੀਕ ਦੇ ਕੇ ਨਾਜ਼ਰ ਸਿੰਘ ਮਾਨਸਾਹੀਆ ਨੂੰ 13 ਦਸੰਬਰ ਸ਼ੁਕਰਵਾਰ ਸਵੇਰੇ 11 ਵਜੇ ਪੇਸ਼ ਹੋਣ ਲਈ ਕਹਿ ਦਿੱਤਾ ਹੈ, ਪਰ ਬਾਕੀ ਚਾਰ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ, ਅਮਰਜੀਤ ਸਿੰਘ ਸੰਦੋਆ ਤੇ ਮਾਸਟਰ ਬਲਦੇਵ ਸਿੰਘ ਨੂੰ 31 ਦਸੰਬਰ ਤੱਕ ਲਿਖਤੀ ਜਵਾਬ ਦੇਣ ਲਈ ਕਿਹਾ ਹੈ।

ਨਾਜ਼ਰ ਸਿੰਘ ਮਾਨਸਾਹੀਆ ਤੇ ਅਮਰਜੀਤ ਸਿੰਘ ਸੰਦੋਆ ਨੇ ਪਾਰਲੀਮੈਂਟ ਚੋਣਾਂ ਦੌਰਾਨ ਸੱਤਾਧਾਰੀ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਅਤੇ ਸ਼ਾਮਲ ਹੋਣ ਤੋਂ ਪਹਿਲਾਂ 24 ਅਪ੍ਰੈਲ ਨੂੰ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ। ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਬਾਅਦ ਵਿੱਚ ਆਪਣਾ ਅਸਤੀਫਾ ਵਾਪਸ ਲੈ ਲਿਆ ਸੀ, ਪਰ ਨਾਜ਼ਰ ਸਿੰਘ ਮਾਨਸਾਹੀਆ ਨੇ ਆਪਣਾ ਅਸਤੀਫਾ ਵਾਪਸ ਨਹੀਂ ਸੀ ਲਿਆ, ਜਿਸ ਕਰਕੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਉਸ ਨੂੰ ਇਸ ਦੀ ਪੁਸ਼ਟੀ ਕਰਨ ਲਈ ਸ਼ੁਕਰਵਾਰ 11 ਵਜੇ ਸੱਦਿਆ ਹੈ। ਮਾਨਸਾਹੀਆ ਉਸ ਦਿਨ ਅਸਤੀਫਾ ਵਾਪਸ ਲੈ ਸਕਦੇ ਹਨ ਜਾਂ ਫਿਰ ਕਹਿ ਸਕਦੇ ਹਨ ਕਿ ਉਨ੍ਹਾਂ 'ਤੇ ਕਿਸੇ ਦਾ ਦਬਾਅ ਨਹੀਂ ਹੈ।

ਨਿਯਮਾਂ ਮੁਤਾਬਕ ਸਪੀਕਰ ਨੇ ਵਿਧਾਇਕ ਨੂੰ ਬੁਲਾ ਕੇ ਤਫਤੀਸ਼ ਕਰਨੀ ਹੁੰਦੀ ਹੈ ਕਿ ਭੇਜਿਆ ਗਿਆ ਅਸਤੀਫਾ ਸਹੀ ਹੈ, ਬਿਨਾਂ ਦਬਾਅ ਤੋਂ ਹੈ ਅਤੇ ਦਸਖਤ ਵੀ ਵਿਧਾਇਕ ਦੇ ਆਪਣੇ ਹਨ। ਸੁਖਪਾਲ ਸਿੰਘ ਖਹਿਰਾ ਨੇ ਅਕਤੂਬਰ ਦੀ 22 ਤਰੀਕ ਨੂੰ ਲਗਭਗ 11 ਮਹੀਨੇ ਟਾਲਣ ਪਿੱਛੋਂ ਕਈ ਤਰ੍ਹਾਂ ਦੀ ਬਹਾਨੇਬਾਜ਼ੀ ਅਤੇ ਝੂਠੇ ਸੱਚੇ ਬਿਆਨ ਦੇਣ ਮਗਰੋਂ ਅਸਤੀਫਾ ਵਾਪਸ ਲੈ ਲਿਆ ਸੀ। ਇੱਕ ਸਾਲ ਪਹਿਲਾਂ ਭੁਲੱਥ ਦੇ ਵਿਧਾਇਕ ਨੂੰ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋ ਹਟਾ ਦਿੱਤਾ ਸੀ ਅਤੇ ਖਹਿਰਾ ਨੇ ਪੰਜਾਬ ਏਕਤਾ ਪਾਰਟੀ ਬਣਾ ਕੇ ਬਠਿੰਡਾ ਤੋਂ ਲੋਕ ਸਭਾ ਚੋਣ ਲੜੀ ਤੇ ਬੁਰੀ ਤਰ੍ਹਾਂ ਹਾਰੇ ਸਨ। ਇਸੇ ਤਰ੍ਹਾਂ ਮਾਸਟਰ ਬਲਦੇਵ ਸਿੰਘ ਜੈਤੋਂ ਤੋਂ ਵਿਧਾਇਕ ਨੇ ਵੀ ਫਰੀਦਕੋਟ ਸੀਟ ਤੋਂ ਨਵੀਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜੀ ਅਤੇ ਹਾਰ ਗਏ ਸਨ।

## ਬਜ਼ੁਰਗ ਨੇ ਆਪਣੇ ਘਰ ਰਾਈਫ਼ਲ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ

ਮੋਗਾ, 10 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਪਿੰਡ ਕੋਕਰੀ ਕਲਾਂ ਵਿੱਚ ਕਰੀਬ 73 ਸਾਲਾ ਬਜ਼ੁਰਗ ਵੱਲੋਂ ਕੱਲ੍ਹ ਸਵੇਰੇ ਆਪਣੇ ਸਿਰ ਵਿੱਚ ਗੋਲੀ ਮਾਰ ਕੇ ਆਤਮ ਹਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਸਰਕਾਰੀ ਹਸਪਤਾਲ 'ਚ ਮ੍ਰਿਤਕ ਰਵਿੰਦਰਪਾਲ ਸਿੰਘ ਦੇ ਪੁੱਤਰ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਪਿਛਲੇ ਕਈ ਸਾਲਾਂ ਤੋਂ ਬੀਮਾਰ ਰਹਿੰਦੇ ਸਨ ਤੇ ਉਨ੍ਹਾਂ ਦੇ ਦਿਮਾਗ ਦਾ ਅਪ੍ਰੇਸ਼ਨ ਵੀ ਹੋ ਚੁੱਕਾ ਸੀ ਜਿਸ ਕਾਰਨ ਉਹ ਪ੍ਰੇਸ਼ਾਨ ਵੀ ਰਹਿੰਦੇ ਸਨ। ਥਾਣਾ ਅਜੀਤਵਾਲ ਪੁਲਸ ਦੇ ਸਹਾਇਕ ਥਾਣੇਦਾਰ ਰਾਜਬੀਰ ਸਿੰਘ ਨੇ ਦੱਸਿਆ ਕਿ ਪਿੰਡ ਕੋਕਰੀ ਕਲਾਂ ਦੇ ਬਜ਼ੁਰਗ ਨੇ ਆਪਣੇ ਘਰ ਵਿੱਚ ਹੀ 12 ਬੋਰ ਰਾਈਫ਼ਲ ਨਾਲ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਰਵਿੰਦਰਪਾਲ ਸਿੰਘ ਦੇ ਪੁੱਤਰ ਨਰਿੰਦਰਪਾਲ ਸਿੰਘ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ।

## ਵਿੱਤ ਮੰਤਰੀ ਦੇ ਇਤਰਾਜ਼ ਯੋਗ ਪੋਸਟਰ ਲਾ ਕੇ ਮੁਲਾਜ਼ਮਾਂ ਨੇ ਵਿਰੋਧ ਕੀਤਾ




ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਕਰਮਚਾਰੀਆਂ ਨੇ ਤਨਖਾਹ ਨਾ ਮਿਲਣ ਤੋਂ ਗੁੱਸੇ ਵਿੱਚ ਆਣ ਕੇ ਕੱਲ੍ਹ ਸਿੱਧਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਤਕਨੀਕੀ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਨੇ ਦਫਤਰ ਮੂਹਰੇ ਵਿੱਤ ਮੰਤਰੀ ਦੇ ਇਤਰਾਜ਼ ਯੋਗ ਪੋਸਟਰ ਲਾਏ। ਇਸ ਪੋਸਟਰ ਵਿੱਚ ਮੁਲਾਜ਼ਮਾਂ ਨੇ ਵਿੱਤ ਮੰਤਰੀ ਨੂੰ ਭੀਖ ਮੰਗਣ ਦੀ ਨਸੀਹਤ ਦਿੰਦੇ ਹੋਏ ਲਿਖਿਆ ਕਿ 'ਨਵੇਂ ਟੈਕਸ ਲਾਏ, ਵਿਕਾਸ ਪ੍ਰੋਜੈਕਟ ਬੰਦ ਕੀਤੇ, ਲੋਕ ਭਲਾਈ ਯੋਜਨਾਵਾਂ 'ਤੇ ਕਾਂਟਾ ਫੇਰਿਆ, ਤਨਖਾਹਾਂ ਕੱਟੀਆਂ, ਪਰ ਖਜ਼ਾਨਾ ਫਿਰ ਖਾਲੀ ਦਾ ਖਾਲੀ ਹੈ, ਇਸ ਦੇ ਬਾਅਦ ਭੀਖ ਮੰਗਣੀ ਬਾਕੀ ਰਹਿ ਗਈ, ਉਹ ਵੀ ਮੰਗ ਕੇ ਦੇਖ ਲਓ ਮੰਤਰੀ ਸਾਹਿਬ'। ਇਸ ਤਰ੍ਹਾਂ ਪੋਸਟਰ ਲਾਉਣ ਤੋਂ ਪਹਿਲਾਂ ਸਾਂਝਾ ਮੁਲਾਜ਼ਮ ਮੰਚ ਦੇ ਬੈਨਰ ਹੇਠ ਪੰਜਾਬ ਅਤੇ ਯੂ ਟੀ ਦੀ ਚੰਡੀਗੜ੍ਹ ਯੂਨਿਟ ਨੇ ਦੁਪਹਿਰ ਵੇਲੇ ਢਾਈ ਘੰਟੇ ਤੱਕ ਸੈਕਟਰ-17 ਵਿੱਚ ਕਲਮ ਛੋੜ ਹੜਤਾਲ ਕੀਤੀ। ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਨਵੰਬਰ ਮਹੀਨੇ ਦੀ ਤਨਖਾਹ ਅਜੇ ਤੱਕ ਨਹੀਂ ਮਿਲੀ।ਇਸ ਐਸੋਸੀਏਸ਼ਨ ਤੇ ਸਕੱਤਰੇਤ ਦੀ ਜੁਆਇੰਟ ਐਕਸ਼ਨ ਕਮੇਟੀ ਨੇ ਕੈਬਨਿਟ ਮੰਤਰੀ ਬ੍ਰਹਮ ਮੋਹਿੰਦਰਾ, ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ ਕੁਮਾਰ ਅਤੇ ਪੰਜਾਬ ਦੇ ਵੱਖ-ਵੱਖ ਉਚ ਅਧਿਕਾਰੀਆਂ ਨਾਲ ਬੈਠਕ ਕਰ ਕੇ ਸਰਕਾਰ ਦੇ ਨੋਟਿਸ 'ਚ ਲਿਆਂਦਾ ਕਿ ਜੇ ਵਿੱਤ ਵਿਭਾਗ ਨੂੰ ਖਤਮ ਕਰਨ ਦਾ ਕੋਈ ਫੈਸਲਾ ਲਿਆ ਤਾਂ ਜੁਆਇੰਟ ਐਕਸ਼ਨ ਕਮੇਟੀ ਵੱਡਾ ਐਕਸ਼ਨ ਸ਼ੁਰੂ ਕਰ ਦੇਵੇਗੀ। ਕਮੇਟੀ ਨੇ ਕਿਹਾ ਕਿ ਜੇ ਸਰਕਾਰ ਨੇ ਵਿੱਤ ਵਿਭਾਗ ਤੇ ਪਰਸੋਨਲ ਵਿਭਾਗ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕੀਤਾ ਤਾਂ ਮੁਲਾਜ਼ਮਾਂ ਦੇ ਸੈਕਸ਼ਨ ਪਦ ਖਤਮ ਹੋਣ ਨਾਲ ਤਰੱਕੀ 'ਚ ਕਮੀ ਆਵੇਗੀ ਅਤੇ ਸਰਕਾਰ ਦੀ ਅਸਲ ਤਾਕਤ ਵੀ ਸਕੱਤਰੇਤ 'ਚ ਹੀ ਹੈ, ਜੇ ਸਰਕਾਰ ਸਕੱਤਰੇਤ ਨੂੰ ਹੀ ਖਤਮ ਕਰਦੀ ਹੈ ਤਾਂ ਇਹ ਸਰਕਾਰ ਲਈ ਆਤਮ-ਹੱਤਿਆ ਕਰਨ ਨਾਲੋਂ ਘੱਟ ਨਹੀਂ ਹੋਵੇਗਾ।

### ਕੋਟ ਸੁਖੀਆ ਕਾਂਡ

## ਪੰਜਾਬ ਪੁਲਸ ਕਾਤਲਾਂ ਨੂੰ ਰਿਮਾਂਡ 'ਤੇ ਲੈਣ ਲਈ ਮੱਧ ਪ੍ਰਦੇਸ਼ ਗਈ



ਕੋਟਕਪੂਰਾ, 10 ਦਸੰਬਰ (ਪੋਸਟ ਬਿਊਰੋ)- ਪਿੰਡ ਕੋਟਸੁਖੀਆ ਦੇ ਡੇਰਾ ਬਾਬਾ ਹਰਕਾ ਦਾਸ ਵਿੱਚ ਬੀਤੇ 7 ਨਵੰਬਰ ਨੂੰ ਸੰਤ ਦਿਆਲ ਦਾਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਹੱਲ ਹੋ ਗਿਆ ਅਤੇ ਹੱਤਿਆ ਦੀ ਵਾਰਦਾਤ ਵਾਲੇ ਦੋਵੇਂ ਦੋਸ਼ੀਆਂ ਮੋਗਾ ਦੇ ਪਿੰਡ ਨਾਥੇਵਾਲਾ ਦਾ ਲਖਵਿੰਦਰ ਸਿੰਘ ਅਤੇ ਪਿੰਡ ਜੈਮਲਵਾਲਾ ਦਾ ਅਮਰੀਕ ਸਿੰਘ ਨੂੰ ਕੁਝ ਦਿਨ ਪਹਿਲਾਂ ਮੱਧ ਪ੍ਰਦੇਸ਼ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ। ਇਨ੍ਹਾਂ ਦੋਵਾਂ ਨੂੰ ਪ੍ਰੋਡਕਸ਼ਨ ਵਾਰੰਟ ਨਾਲ ਆਪਣੀ ਹਿਰਾਸਤ ਵਿੱਚ ਲੈਣ ਲਈ ਥਾਣਾ ਸਦਰ ਕੋਟਕਪੂਰਾ ਦੇ ਮੁਖੀ ਇੰਸਪੈਕਟਰ ਰਮੇਸ਼ਪਾਲ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਮੱਧ ਪ੍ਰਦੇਸ਼ ਗਈ ਹੈ। ਇਨ੍ਹਾਂ ਨੂੰ ਲਿਆ ਕੇ 12 ਦਸੰਬਰ ਨੂੰ ਫਰੀਦਕੋਟ ਅਦਾਲਤ 'ਚ ਪੇਸ਼ ਕੀਤੇ ਜਾਣ ਦੇ ਆਸਾਰ ਹਨ।

ਪੁਲਸ ਅਨੁਸਾਰ ਬਾਬਾ ਦਿਆਲ ਦਾਸ ਕਤਲ ਕੇਸ ਵਿੱਚ ਥਾਣਾ ਸਦਰ ਕੋਟਕਪੂਰਾ ਦੀ ਪੁਲਸ ਨੇ ਪਿੰਡ ਕਪੂਰੇ ਦੇ ਸੰਤ ਜਰਨੈਲ ਸਿੰਘ ਸਮੇਤ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕਰ ਕੇ ਜਾਂਚ ਕੀਤੀ ਸੀ। ਇਸ ਦੌਰਾਨ ਪੁਲਸ ਨੇ ਉਕਤ ਵਾਰਦਾਤ ਤੋਂ ਪਹਿਲਾਂ ਡੇਰੇ ਦੀ ਰੇਕੀ ਕਰਨ ਵਾਲੇ ਦੋ ਦੋਸ਼ੀਆਂ ਪਿੰਡ ਚੁਗਾਵਾਂ (ਮੋਗਾ) ਦੇ ਅਮਰਜੀਤ ਸਿੰਘ ਅਤੇ ਪਿੰਡ ਕਪੂਰੇ (ਮੋਗਾ) ਦੇ ਹਰਮੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਨੇ ਪੁੱਛਗਿੱਛ ਦੌਰਾਨ ਪੂਰੇ ਘਟਨਾਕ੍ਰਮ ਤੋਂ ਪਰਦਾ ਚੁੱਕ ਦਿੱਤਾ। ਇਸ ਦੌਰਾਨ ਖੁਲਾਸਾ ਹੋਇਆ ਕਿ ਇਹ ਕਤਲ ਸੰਤ ਜਰਨੈਲ ਦਾਸ ਨੇ ਕਰਵਾਇਆ ਸੀ ਤੇ ਉਨ੍ਹਾਂ ਦੀ ਰੇਕੀ ਕਰਨ ਪਿੱਛੋਂ ਵਾਰਦਾਤ ਪਿੰਡ ਨਵਾਂ ਕਿਲਾ ਵਿਖੇ ਰਹਿੰਦੇ ਨਾਥੇਵਾਲਾ (ਮੋਗਾ) ਨਿਵਾਸੀ ਲਖਵਿੰਦਰ ਸਿੰਘ ਅਤੇ ਪਿੰਡ ਜੈਮਲ ਵਾਲਾ (ਮੋਗਾ) ਦੇ ਅਮਰੀਕ ਸਿੰਘ ਨੇ ਕੀਤੀ ਸੀ। ਇਨ੍ਹਾਂ ਦੋਵਾਂ ਦੋਸ਼ੀਆਂ ਨੂੰ ਮੱਧ ਪ੍ਰਦੇਸ਼ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪਤਾ ਲੱਗਾ ਹੈ ਕਿ ਮੱਧ ਪ੍ਰਦੇਸ਼ ਪੁਲਸ ਨੇ ਉਨ੍ਹਾਂ ਤੋਂ ਤਿੰਨ ਰਿਵਾਲਵਰ ਅਤੇ ਕਰੀਬ 100 ਕਾਰਤੂਸਾਂ ਨਾਲ ਇੱਕ ਕਾਰ ਵੀ ਬਰਾਮਦ ਕੀਤੀ ਸੀ, ਜੋਕਿ ਉਨ੍ਹਾਂ ਨੇ ਮੋਗਾ ਦੇ ਪਿੰਡ ਚੜਿਕ ਤੋਂ ਚੋਰੀ ਕੀਤੀ ਸੀ।

## ਪਰਮਿੰਦਰ ਸਿੰਘ ਢੀਂਡਸਾ ਵੀ ਆਪਣੇ ਪਿਤਾ ਵਾਲੇ ਰਾਹ ਪਿਆ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਵੀ ਬਾਦਲਾਂ ਨੂੰ ਵੱਡਾ ਝਟਕਾ ਦੇਣ ਦੇ ਸੰਕੇਤ ਮਿਲਣ ਲੱਗੇ ਹਨ।


ਇਸ ਸੰਬੰਧ ਵਿੱਚ ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਉਹ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਵਿਧਾਇਕ ਦਲ ਦੇ ਨੇਤਾ ਦਾ ਅਹੁਦਾ ਕਿਸੇ ਸਮੇਂ ਵੀ ਛੱਡ ਸਕਦੇ ਹਨ। ਇਨ੍ਹਾਂ ਸੂਤਰਾਂ ਮੁਤਾਬਕ ਪਿੰਡ ਬਾਦਲ ਵਿੱਚ ਹੋਈ ਗੱਲਬਾਤ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਾਲ ਨੇ ਪਰਮਿੰਦਰ ਸਿੰਘ ਢੀਂਡਸਾ ਨੂੰ ਕੱਲ੍ਹ ਪਾਰਟੀ ਦੇ ਅਹੁਦਿਆਂ 'ਤੇ ਕਾਇਮ ਰਹਿਣ ਲਈ ਪ੍ਰੇਰਿਆ। ਉਨ੍ਹਾਂ ਨੇ ਛੋਟੇ ਢੀਂਡਸਾ ਨੂੰ ਕਿਹਾ ਕਿ ਪਾਰਟੀ ਨੇ ਹਮੇਸ਼ਾਂ ਉਸ ਨੂੰ ਬਣਦਾ ਮਾਣ ਦਿੱਤਾ ਹੈ ਤੇ ਭਵਿੱਖ ਵਿੱਚ ਵੀ ਮਿਲਦਾ ਰਹੇਗਾ। ਪਾਰਟੀ ਦੇ ਦੋ ਹੋਰ ਸੀਨੀਅਰ ਆਗੂਆਂ ਨੇ ਵੀ ਸੰਗਰੂਰ ਵਿੱਚ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਤੱਕ ਪਹੁੰਚ ਕਰਕੇ ਪਾਰਟੀ ਅੱਗੇ ਸੰਕਟਖੜ੍ਹਾਂ ਨਾ ਕਰਨ ਦੀ ਬੇਨਤੀ ਕੀਤੀ ਹੈ। ਪਤਾ ਲੱਗਾ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਨਵੇਂ ਸਿਆਸੀ ਹਾਲਾਤ ਵਿੱਚ ਅਕਾਲੀ ਦਲ ਦੀ ਥਾਂ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਦਾ ਸਾਥ ਦੇਣਗੇ।

ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਮਗਰੋਂ ਬਾਦਲ ਪਿਤਾ-ਪੁੱਤਰ ਨੇ ਪਾਰਟੀ ਵਿੱਚ ਪਰਮਿੰਦਰ ਸਿੰਘ ਢੀਂਡਸਾ ਦੀ ਕਦਰ ਵਧਾਉਣ ਦਾ ਪ੍ਰਭਾਵ ਦਿੱਤਾ ਸੀ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਢੀਂਡਸਾ ਪਰਵਾਰ ਦਾ ਤਾਜ਼ਾ ਪੈਂਤੜਾ ਬਾਦਲਾਂ ਲਈ ਰਾਜਸੀ ਤੌਰ 'ਤੇ ਖਤਰਨਾਕ ਸਾਬਤ ਹੋ ਸਕਦਾ ਹੈ। ਪਰਮਿੰਦਰ ਸਿੰਘ ਢੀਂਡਸਾ ਅੱਜ ਕੱਲ੍ਹ ਲਹਿਰਾਗਾਗਾ ਹਲਕੇ ਤੋਂ ਵਿਧਾਇਕ ਹਨ ਤੇ ਪਿਛਲੀ ਪਾਰਲੀਮੈਂਟ ਚੋਣਾਂ ਦੌਰਾਨ ਪਾਰਟੀ ਨੇ ਉਨ੍ਹਾਂ ਨੂੰ ਸੰਗਰੂਰ ਹਲਕੇ ਤੋਂ ਉਮੀਦਵਾਰ ਬਣਾਇਆ ਸੀ, ਪਰ ਉਹ ਹਾਰ ਗਏ ਸਨ। ਅਕਾਲੀ ਦਲ ਵੱਲੋਂ 14 ਦਸੰਬਰ ਨੂੰ ਪਾਰਟੀ ਦਾ 99ਵਾਂ ਸਥਾਪਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸੇ ਦਿਨ ਸੁਖਬੀਰ ਸਿੰਘ ਬਾਦਲ ਨੂੰ ਫਿਰ ਪਾਰਟੀ ਪ੍ਰਧਾਨ ਚੁਣੇ ਜਾਣ ਦੇ ਆਸਾਰ ਹਨ। ਇਸ ਤਰ੍ਹਾਂ ਜਦੋਂ ਪਾਰਟੀ ਆਪਣੇ ਜਸ਼ਨ ਮਨਾਉਣ ਦੀ ਤਿਆਰੀ ਵਿੱਚ ਹੋਵੇ ਤਾਂ ਇੱਕ ਸੀਨੀਅਰ ਆਗੂ ਦਾ ਅਹੁਦੇ ਛੱਡ ਜਾਣਾ ਪਾਰਟੀ ਲਈ ਵੱਡਾ ਝਟਕਾ ਹੋਵੇਗਾ। ਇਹੀ ਕਾਰਨ ਹੈ ਕਿ ਬਾਦਲ ਪਿਤਾ-ਪੁੱਤਰ ਨੇ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਵਿੱਚ ਰੱਖਣ ਲਈ ਹਰ ਤਰ੍ਹਾਂ ਦੇ ਯਤਨ ਸ਼ੁਰੂ ਕੀਤੇ ਹੋਏ ਹਨ। ਸੂਤਰਾਂ ਮੁਤਾਬਕ ਢੀਂਡਸਾ ਪਰਵਾਰ ਇਸ ਗੱਲੋਂ ਇਕ ਰਾਏ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਆਪਣੇ ਪਿਤਾ ਦੇ ਵਿਚਾਰਾਂ ਦੇ ਉਲਟ ਨਹੀਂ ਚੱਲਣਗੇ। ਇਸ ਲਈ ਸੰਭਵ ਹੈ ਕਿ 14 ਦਸੰਬਰ ਤੋਂ ਪਹਿਲਾਂ ਜਨਰਲ ਸਕੱਤਰ ਅਤੇ ਵਿਧਾਇਕ ਦਲ ਦੇ ਨੇਤਾ ਵਜੋਂ ਅਸਤੀਫਾ ਦੇ ਦੇਣ। ਇਹ ਵੀ ਮੰਨਿਆ ਜਾ ਰਿਹਾ ਹੈ 14 ਦਸੰਬਰ ਨੂੰ ਬਾਦਲ ਵਿਰੋਧੀ ਅਕਾਲੀਆਂ ਵੱਲੋਂ ਅੰਮ੍ਰਿਤਸਰ ਵਿੱਚ ਹੀ ਪਾਰਟੀ ਦਾ ਸਥਾਪਨਾ ਦਿਵਸ ਵੱਖਰੇ ਤੌਰ 'ਤੇ ਮਨਾਇਆ ਜਾਣਾ ਹੈ ਤੇ ਇਸ ਦੀ ਅਗਵਾਈ ਸੁਖਦੇਵ ਸਿੰਘ ਢੀਂਡਸਾ ਵੱਲੋਂ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਆਗੂਆਂ ਦੀ ਸੁਖਦੇਵ ਸਿੰਘ ਢੀਂਡਸਾ ਨਾਲ ਮੀਟਿੰਗ ਪਿੱਛੋਂ ਸਿਆਸੀ ਗਤੀਵਿਧੀਆਂ ਤੇਜ਼ ਹਨ। ਅਕਾਲੀ ਦਲ ਦੇ ਆਗੂਆਂ ਖਾਸ ਕਰ ਬਾਦਲਪਰਿਵਾਰ ਵੱਲੋਂ ਲਗਾਤਾਰ ਯਤਨ ਹੋ ਰਹੇ ਹਨ ਕਿ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਦੀ ਮੁੱਖ ਧਾਰਾ 'ਚ ਰੱਖਿਆ ਜਾਵੇ। ਏਸੇ ਲਈ ਸੁਖਦੇਵ ਸਿੰਘ ਢੀਂਡਸਾ ਨੇ ਜਦੋਂ ਪਾਰਟੀ ਦੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਸੀ ਤਾਂ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਨੇ ਨਾਲ ਰੱਖਿਆ ਤੇ ਪਾਰਲੀਮੈਂਟ ਚੋਣ ਲੜਾਈ ਸੀ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



## ਭੈਣ ਦੇ ਵਿਆਹ ਦਾ ਕਰਜ਼ਾ ਲਾਹੁਣ ਲਈ ਭਰਾ ਵੱਲੋਂ ਕਿਡਨੀ ਵੇਚਣ ਦਾ ਹੋਕਾ

ਰਾਂਚੀ, 10 ਦਸੰਬਰ (ਪੋਸਟ ਬਿਊਰੋ)- ਝਾਰਖੰਡ ਵਿੱਚ ਇਨ੍ਹੀਂ ਦਿਨੀਂ ਚੋਣਾਂ ਚੱਲ ਰਹੀਆਂ ਹਨ ਅਤੇ ਚੋਣ ਜਿੱਤਣ ਲਈ ਪਾਣੀ ਵਾਂਗ ਪੈਸੇ ਲੁਟਾਏ ਜਾ ਰਹੇ ਹਨ, ਪਰ ਇਸੇ ਸੂਬੇ ਦਾ ਇੱਕ ਨੌਜਵਾਨ ਕਰਜ਼ਾ ਚੁਕਾਉਣ ਲਈ ਆਪਣੀ ਕਿਡਨੀ ਵੇਚਣ ਲਈ ਤਿਆਰ ਹੈ। ਉਸ ਨੇ ਇਹ ਕਰਜ਼ਾ ਆਪਣੀ ਭੈਣ ਦੇ ਵਿਆਹ ਵਾਸਤੇ ਲਿਆ ਸੀ।

ਗਿਰੀਡੀਹ ਜ਼ਿਲ੍ਹੇ ਦੇ ਜਮੂਆ ਖੇਤਰ ਦੇ ਬਦਡੀਹਾ ਪਿੰਡ ਦੇ ਇਸ 32 ਸਾਲਾ ਨੌਜਵਾਨ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਛੋਟੀ ਭੈਣ ਦੇ ਵਿਆਹ ਲਈ ਸਾਲ 2017 ਵਿੱਚ ਉਸ ਨੇ ਪਿੰਡ ਦੇ 7-8 ਲੋਕਾਂ ਤੋਂ 7 ਲੱਖ ਰੁਪਏ ਕਰਜ਼ਾ ਲਿਆ ਸੀ। ਪੂਰਾ ਪੈਸਾ ਵਾਪਸ ਕਰਨ ਤੱਕ ਉਸ ਨੇ 5 ਫੀਸਦੀ ਨਾਲ ਮਾਸਿਕ ਭੁਗਤਾਨ ਕਰਨਾ ਸੀ। ਭੈਣ ਦਾ ਵਿਆਹ ਕਰਨ ਮਗਰੋਂ ਉਸ ਕੋਲ ਕੁਝ ਪੈਸੇ ਬਚ ਗਏ ਤੇ ਉਸ ਨੇ ਜ਼ਮੀਨ ਖਰੀਦ ਲਈ। ਉਸ ਨੇ ਸੋਚਿਆ ਕਿ ਉਹ ਖੇਤੀ ਕਰ ਕੇ ਕਰਜ਼ਦਾਰਾਂ ਦਾ ਪੈਸਾ ਮੋੜ ਦੇਵੇਗਾ, ਪਰ ਅਜਿਹਾ ਨਹੀਂ ਹੋ ਸਕਿਆ। ਕਰਜ਼ੇ ਦੀ ਰਕਮ 7 ਲੱਖ ਤੋਂ ਵੱਧ ਕੇ 10 ਲੱਖ ਰੁਪਏ ਹੋ ਗਈ। ਕੋਈ ਨਾ ਕੋਈ ਕਰਜ਼ਦਾਤਾ ਰੋਜ਼ ਉਸ ਦੇ ਘਰ ਆਉਂਦਾ ਤੇ ਪੈਸੇ ਨਾ ਮਿਲਣ ਉੱਤੇ ਉਸ ਨੂੰ ਭਲਾ-ਬੁਰਾ ਕਹਿੰਦਾ ਹੈ।

ਨੌਜਵਾਨ ਨੇ ਦੱਸਿਆ ਕਿ ਪਹਿਲਾਂ ਉਹ ਦਿੱਲੀ ਵਿੱਚ ਨੌਕਰੀ ਕਰਦਾ ਸੀ। ਉਸ ਦੇ ਤਿੰਨ ਬੱਚੇ ਹਨ। ਆਪਣੇ ਪਿਓ ਦੀ ਮੌਤ ਤੋਂ ਬਾਅਦ ਉਹ ਭੈਣ ਦਾ ਵਿਆਹ ਕਰਨ ਲਈ ਦਿੱਲੀ ਤੋਂ ਆ ਗਿਆ ਸੀ। ਉਸ ਨੇ ਦੱਸਿਆ ਕਿ ਉਸ ਕੋਲ ਆਪਣੇ ਸਰੀਰ ਦਾ ਕੋਈ ਅੰਗ ਵੇਚਣ ਤੋਂ ਬਿਨਾ ਕੋਈ ਰਸਤਾ ਨਹੀਂ ਬਚਿਆ। ਏਸੇ ਲਈ ਉਹ ਆਪਣੀ ਪਤਨੀ ਤੇ ਛੋਟੀ ਬੇਟੀ ਨੂੰ ਲੈ ਕੇ ਐਤਵਾਰ ਨੂੰ ਘਰ ਤੋਂ ਲਗਭਗ 200 ਕਿਲੋਮੀਟਰ ਦੂਰ ਰਿਮਸ ਹਸਪਤਾਲ ਆ ਗਿਆ।

## ਦਸੰਬਰ 'ਚ ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਬਾਜ਼ਾਰ ਤੋਂ 244 ਕਰੋੜ ਰੁਪਏ ਕੱਢਵਾ ਲਏ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ (ਐਫ ਪੀ ਆਈ) ਘਰੇਲੂ ਪੂੰਜੀ ਬਾਜ਼ਾਰ 'ਚ ਸ਼ੁੱਧ ਵਿਕਰੇਤਾ ਬਣ ਗਏ ਹਨ। ਆਰਥਕ ਅੰਕੜਿਆਂ ਵਿੱਚ ਕਮਜ਼ੋਰੀ ਦੇ ਕਾਰਨ ਉਨ੍ਹਾਂ ਨੇ ਦਸੰਬਰ ਵਿੱਚ ਅੱਜ ਤੱਕ ਘਰੇਲੂ ਪੂੰਜੀ ਬਾਜ਼ਾਰ ਤੋਂ 244 ਕਰੋੜ ਰੁਪਏ ਦੀ ਸ਼ੁੱਧ ਨਿਕਾਸੀ ਕਰ ਲਈ ਹੈ। ਡਿਪਾਜ਼ਿਟਰੀਜ਼ ਤੋਂ ਮਿਲੇ ਅੰਕੜਿਆਂ ਅਨੁਸਾਰ ਦਸੰਬਰ ਵਿੱਚ ਵਿਦੇਸ਼ੀ ਨਿਵੇਸ਼ਕ ਭਾਰਤੀ ਸ਼ੇਅਰ ਬਾਜ਼ਾਰ ਤੋਂ ਅੱਜ ਤੱਕ ਕੁਲ 1,668.8 ਕਰੋੜ ਰੁਪਏ ਕੱਢ ਚੁੱਕੇ ਹਨ। ਉਨ੍ਹਾਂ ਨੇ ਡੇਟ ਬਾਜ਼ਾਰ ਵਿੱਚ 1,424.6 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇਸ ਤਰ੍ਹਾਂ ਇਸ ਮਹੀਨੇ ਉਨ੍ਹਾਂ ਨੇ ਸ਼ੁੱਧ 244.2 ਕਰੋੜ ਰੁਪਏ ਦੀ ਨਿਕਾਸੀ ਕੀਤੀ। ਇਸ ਤੋਂ ਪਹਿਲਾਂ ਵਿਦੇਸ਼ੀ ਨਿਵੇਸ਼ਕਾਂ ਨੇ ਅਕਤੂਬਰ 'ਚ 16,037.6 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ। ਇਸ ਸ਼੍ਰੇਣੀ ਦੇ ਨਿਵੇਸ਼ਕਾਂ ਨੇ ਨਵੰਬਰ 'ਚ 22,871.8 ਕਰੋੜ ਰੁਪਏ ਦੀ ਸ਼ੁੱਧ ਰੂਪ ਨਾਲ ਖਰੀਦਦਾਰੀ ਕੀਤੀ ਸੀ।

### ਪਹਿਲਾ ਉਨਾਵ ਰੇਪ ਕੇਸ :

## ਭਾਜਪਾ ਵਿਧਾਇਕ ਕੁਲਦੀਪ ਸੇਂਗਰ ਬਾਰੇ ਕੋਰਟ 16 ਦਸੰਬਰ ਨੂੰ ਫੈਸਲਾ ਸੁਣਾਏਗੀ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਭਾਜਪਾ ਦੇ ਬਰਖ਼ਾਸਤ ਕੀਤੇ ਗਏ ਵਿਧਾਇਕ ਕੁਲਦੀਪ ਸਿੰਘ ਸੇਂਗਰ ਵਲੋਂ 2017 ਵਿੱਚ ਉਨਾਵ ਵਿੱਚ ਇਕ ਕੁੜੀ ਨੂੰ ਅਗਵਾ ਕਰਨ ਅਤੇ ਉਸ ਨਾਲ ਬਲਾਤਕਾਰ ਦੇ ਕੇਸ ਵਿੱਚ ਤੀਸ ਹਜ਼ਾਰੀ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਇਸ ਕੇਸ ਬਾਰੇ ਕੋਰਟ ਦਾ ਫੈਸਲਾ 16 ਦਸੰਬਰ ਨੂੰ ਆ ਸਕਦਾ ਹੈ, ਜਿਹੜਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਅਤੇ ਸ਼ਸ਼ੀ ਸਿੰਘ ਨਾਂਅ ਦੀ ਔਰਤ ਬਾਰੇ ਹੋਵੇਗਾ। ਇਸ ਕੇਸ ਵਿੱਚ ਜੇ ਕੁਲਦੀਪ ਸਿੰਘ ਸੇਂਗਰ ਦਾ ਦੋਸ਼ ਸਿੱਧ ਹੋਇਆ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਸ਼ਸ਼ੀ ਸਿੰਘ ਉੱਤੇ ਦੋਸ਼ ਹੈ ਕਿ ਉਹ ਪੀੜਤ ਲੜਕੀ ਨੂੰ ਵਿਧਾਇਕ ਕੁਲਦੀਪ ਸਿੰਘ ਸੇਂਗਰ ਕੋਲ ਲੈ ਕੇ ਗਈ ਸੀ, ਜਿੱਥੇ ਸੇਂਗਰ ਨੇ ਪੀੜਤਾ ਨਾਲ ਬਲਾਤਕਾਰ ਕੀਤਾ ਸੀ। ਇਸ ਬਾਰੇ 5 ਕੇਸ ਦਰਜ ਹਨ, ਜਿਨ੍ਹਾਂ ਦਾ ਫੈਸਲਾ 16 ਦਸੰਬਰ ਨੂੰ ਫੈਸਲਾ ਆ ਸਕਦਾ ਹੈ। ਵਰਨਣ ਯੋਗ ਹੈ ਕਿ ਹੋਰ 4 ਕੇਸਾਂ ਦੀ ਹਾਲੇ ਸੁਣਵਾਈ ਹੋ ਰਹੀ ਹੈ। ਬਲਾਤਕਾਰ ਵਾਲਾ ਦੂਸਰਾ ਕੇਸ ਉਸ ਪੀੜਤਾ ਨਾਲ ਹੋਏ ਸਮੂਹਿਕ ਬਲਾਤਕਾਰ ਬਾਰੇ ਦਰਜ ਕੀਤਾ ਗਿਆ ਸੀ, ਤੀਸਰਾ ਕੇਸ ਪੀੜਤਾ ਦੇ ਪਿਤਾ ਨਾਲ ਕੁੱਟਮਾਰ ਅਤੇ ਫਿਰ ਪੁਲਸ ਕਸਟਡੀ ਵਿੱਚ ਉਸ ਦੀ ਮੌਤ ਨਾਲ ਸੰਬੰਧਤ ਹੈ। ਇਸ ਤੋਂ ਇਲਾਵਾ 5ਵਾਂ ਅਤੇ ਆਖਰੀ ਕੇਸ ਪੀੜਤਾ ਨਾਲ ਹੋਏ ਕਾਰ ਹਾਦਸੇ ਨਾਲ ਜੁੜਦਾ ਹੈ, ਜਿਸ ਵਿੱਚ ਪੀੜਤਾ ਦੇ ਪਰਿਵਾਰ ਦੀਆਂ ਔਰਤਾਂ ਦੀ ਮੌਤ ਹੋ ਗਈ ਅਤੇ ਪੀੜਤਾ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਸੀ। ਇਸ ਤੋਂ ਪਹਿਲਾਂ 2 ਦਸੰਬਰ ਨੂੰ ਕੋਰਟ ਨੇ ਬਲਾਤਕਾਰ ਦੇ ਇਸ ਕੇਸ ਵਿੱਚ ਅੰਤਮ ਦਲੀਲਾਂ ਸੁਣਨ ਦੀ ਕਾਰਵਾਈ ਸ਼ੁਰੂ ਕੀਤੀ ਸੀ। ਉਨਾਵ ਦੀ ਪੀੜਤਾ ਵੱਲੋਂ ਪੇਸ਼ ਵਕੀਲ ਧਰਮੇਂਦਰ ਮਿਸ਼ਰਾ ਨੇ ਦੱਸਿਆ ਕਿ ਜ਼ਿਲਾ ਜੱਜ ਧਰਮੇਸ਼ ਸ਼ਰਮਾ ਨੇ ਬੰਦ ਕਮਰੇ ਵਿੱਚ ਹੋ ਰਹੀ ਸੁਣਵਾਈ ਵਿੱਚ ਬਚਾਅ ਪੱਖ ਦੇ ਗਵਾਹਾਂ ਦੇ ਬਿਆਨ ਰਿਕਾਰਡ ਕੀਤੇ ਅਤੇ ਸੀ ਬੀ ਆਈ ਦੀਆਂ ਦਲੀਲਾਂ ਸੁਣਨੀਆਂ ਸ਼ੁਰੂ ਕੀਤੀਆਂ। ਵਕੀਲ ਨੇ ਦੱਸਿਆ ਕਿ ਕੋਰਟ ਨੇ 13 ਗਵਾਹਾਂ ਅਤੇ ਬਚਾਅ ਪੱਖ ਦੇ 9 ਗਵਾਹਾਂ ਦੇ ਬਿਆਨ ਰਿਕ-ਾਰਡ ਕੀਤੇ ਸਨ।

ਪੀੜਤਾ ਦਾ ਪਰਿਵਾਰ ਅਜੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਦੇ ਜੈਪ੍ਰਕਾਸ਼ ਨਾਰਾਇਣ ਏਪੈਕਸ ਟਰਾਮਾ ਸੈਂਟਰ ਦੇ ਹੋਸਟਲ ਵਿੱਚ ਰਹਿ ਰਿਹਾ ਹੈ। ਕੋਰਟ ਨੇ ਦਿੱਲੀ ਮਹਿਲਾ ਕਮਿਸ਼ਨ ਨੂੰ ਉਨ੍ਹਾਂ ਦੇ ਲਈ ਰਾਜਧਾਨੀ ਦਿੱਲੀ ਵਿੱਚ ਕਿਰਾਏ ਦੇ ਘਰ ਦਾ ਪ੍ਰਬੰਧ ਕਰਨ ਦੇ ਲਈ ਕਿਹਾ ਸੀ। ਵਕੀਲ ਨੇ ਦੱਸਿਆ ਕਿ ਕੋਰਟ ਨੇ ਸੀ ਬੀ ਆਈ ਦੇ ਜਾਂਚ ਅਧਿਕਾਰੀ ਨੂੰ ਬਲਾਤਕਾਰ ਪੀੜਤਾ ਦੇ ਪਰਿਵਾਰ ਨਾਲ ਸੰਪਰਕ ਕਰਨ ਅਤੇ 7 ਦਿਨਾਂ ਅੰਦਰ ਰਿਪੋਰਟ ਦਾਖਲ ਕਰਨ ਲਈ ਕਿਹਾ ਸੀ ਕਿ ਕੀ ਉਨ੍ਹਾਂ ਨੂੰ ਕਿਰਾਏ ਦੇ ਮਕਾਨ ਵਿੱਚ ਭੇਜ ਦਿੱਤਾ ਗਿਆ।

## ਅਸਾਮ ਵਿੱਚ ਇਕ ਲੱਖ ਉਨੱਤੀ ਹਜ਼ਾਰ ਲੋਕ ਵਿਦੇਸ਼ੀ ਮੰਨੇ ਜਾਣ ਦੇ ਅੰਕੜੇ ਜਾਰੀ

### * ਵਿਦੇਸ਼ੀ ਐਲਾਨੇ 227 ਲੋਕ ਆਪਣੇ ਦੇਸ਼ ਵਾਪਸ ਭੇਜੇ ਗਏ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਇਸ ਸਾਲ ਅਕਤੂਬਰ ਤਕ ਅਸਾਮ ਵਿੱਚ ਵੱਖ-ਵੱਖ ਟ੍ਰਿਬਿਊਨਲਜ਼ ਨੇ ਇਕ ਲੱਖ 29 ਹਜ਼ਾਰ ਲੋਕਾਂ ਨੂੰ ਵਿਦੇਸ਼ੀ ਅਤੇ 1,14,225 ਨੂੰ ਭਾਰਤੀ ਐਲਾਨਿਆ ਹੈ।

ਕੇਂਦਰੀ ਮੰਤਰੀ ਨਿਤਿਆਨੰਦ ਰਾਏ ਨੇ ਅਸਾਮ ਸਰਕਾਰ ਵੱਲੋਂ ਦਿੱਤੀ ਸੂਚਨਾ ਬਾਰੇ ਮੰਗਲਵਾਰ ਲੋਕ ਸਭਾ ਨੂੰ ਜਾਣੂ ਕਰਾਇਆ। ਗ੍ਰਹਿ ਰਾਜ ਮੰਤਰੀ ਨੇ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਇਸ ਸਾਲ ਅਕਤੂਬਰ ਤਕ ਕੁਲ 4,68,905 ਕੇਸਾਂ ਨੂੰ ਫਾਰੇਨ ਟ੍ਰਿਬਿਊਨਲ ਨੂੰ ਭੇਜਿਆ ਗਿਆ ਸੀ। ਅਸਾਮ ਦੇ ਸਾਰੇ ਫਾਰੇਨ ਟ੍ਰਿਬਿਊਨਲਜ਼ ਨੂੰ ਫਾਰਨਰਜ਼ ਐਕਟ 1946 ਅਤੇ ਫਾਰਨ (ਟ੍ਰਿਬਿਊਨਲਜ਼) ਆਰਡਰ 1964 ਹੇਠ ਬਣਾਇਆ ਗਿਆ ਹੈ। ਇਕ ਹੋਰ ਸਵਾਲ ਦੇ ਜਵਾਬ ਵਿੱਚ ਮੰਤਰੀ ਨੇ ਅਸਾਮ ਸਰਕਾਰ ਵੱਲੋਂ ਦਿੱਤੇ ਅੰਕੜਿਆਂ ਦੇ ਆਧਾਰ ਉੱਤੇ ਦੱਸਿਆ ਕਿ ਇਸ ਸਾਲ ਸੂਬੇ ਵਿੱਚ ਫੜੇ ਗਏ ਲੋਕਾਂ ਵਿੱਚੋਂ 289 ਵਿਦੇਸ਼ੀ ਐਲਾਨੇ ਗਏ। ਪੰਜ ਦਸੰਬਰ 2019 ਤਕ ਵਿਦੇਸ਼ੀ ਐਲਾਨੇ 227 ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਭੇਜ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਚਾਰ ਬੰਗਲਾਦੇਸ਼ੀ ਤੇ ਦੋ ਅਫ਼ਗਾਨੀ ਸਨ। ਮੰਤਰੀ ਨੇ ਦੱਸਿਆ ਕਿ 181 ਵਿਦੇਸ਼ੀ ਐਲਾਨੇ ਅਤੇ 44 ਸਜ਼ਾ ਯਾਫਤਾ ਵਿਦੇਸ਼ੀ ਹਿਰਾਸਤ ਕੈਂਪਾਂ ਵਿੱਚ ਤਿੰਨ ਸਾਲ ਤੋਂ ਵੱਧ ਬਿਤਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਕਿਸੇ ਵੀ ਹਿਰਾਸਤੀ ਕੈਂਪ ਵਿੱਚ ਕਿਸੇ ਵਿਦੇਸ਼ੀ ਵੱਲੋਂ ਖ਼ੁਦਕੁਸ਼ੀ ਦੀ ਗੱਲ ਸਾਹਮਣੇ ਨਹੀਂ ਆਈ।

## ਝਾਰਖੰਡ ਵਿੱਚ ਸੀ ਆਰ ਪੀ ਦੇ ਜਵਾਨਾਂ ਵਿਚਾਲੇ ਗੋਲੀਬਾਰੀ ਵਿੱਚ 2 ਮੌਤਾਂ




ਰਾਂਚੀ, 10 ਦਸੰਬਰ (ਪੋਸਟ ਬਿਊਰੋ)- ਝਾਰਖੰਡ ਵਿੱਚ ਸੁਰੱਖਿਆ ਫੋਰਸਾਂ ਦੇ ਝਗੜੇ ਕਾਰਨ ਗੋਲੀਬਾਰੀ ਤੇ ਮੌਤ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਇਸ ਵਾਰ ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ ਆਰ ਪੀ ਐੱਫ) ਦੇ ਜਵਾਨਾਂ ਵਿਚਾਲੇ ਸੋਮਵਾਰ ਨੂੰ ਹੋਈ ਗੋਲੀਬਾਰੀ ਵਿੱਚ 2 ਅਫਸਰਾਂ ਦੀ ਮੌਤ ਹੋ ਗਈ ਅਤੇ 2 ਹੋਰ ਜ਼ਖਮੀ ਹੋ ਗਏ। ਇਸ ਤੋਂ ਪਹਿਲਾਂ 7 ਦਸੰਬਰ ਨੂੰ ਗੁਮਲਾ ਵਿੱਚ ਚੋਣਾਂ ਦੌਰਾਨ ਗੋਲੀ ਚੱਲਣ ਨਾਲ ਇਕ ਜਣੇ ਦੀ ਮੌਤ ਹੋ ਗਈ ਸੀ।

ਅੱਜ ਏਥੇ ਅਧਿਕਾਰੀਆਂ ਨੇ ਦੱਸਿਆ ਕਿ ਬੋਕਾਰੋ ਵਿੱਚ ਸੀ ਆਰ ਪੀ ਐੱਫ ਦੀ 226ਵੀਂ ਬਟਾਲੀਅਨ ਦੀ ਚਾਰਲੀ ਕੰਪਨੀ ਵਿੱਚ ਸੋਮਵਾਰ ਰਾਤ 9.30 ਵਜੇ ਇਹ ਘਟਨਾ ਹੋਈ। ਇਸ ਵਿੱਚ ਸਹਾਇਕ ਕਮਾਂਡੈਂਟ ਰੈਂਕ ਦੇ ਇਕ ਅਧਿਕਾਰੀ ਅਤੇ ਇਕ ਸਹਾਇਕ ਸਬ ਇੰਸਪੈਕਟਰ ਦੀ ਮੌਤ ਹੋ ਗਈ ਅਤੇ 2 ਜਵਾਨ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖਮੀਆਂ ਵਿੱਚੋਂ ਇਕ ਜਵਾਨ ਨੇ ਹੀ ਇਹ ਵਾਰਦਾਤ ਕੀਤੀ ਹੈ।

ਪਤਾ ਲੱਗਾ ਹੈ ਕਿ ਸੀ ਆਰ ਪੀ ਐੱਫ ਦੀ ਇਹ ਯੂਨਿਟ ਇਸ ਰਾਜ ਵਿੱਚ ਚੋਣ ਡਿਊਟੀ ਉੱਤੇ ਆਈ ਸੀ। ਇੱਥੇ 2 ਪੜਾਵਾਂ ਦੀਆਂ ਚੋਣਾਂ ਹੋ ਚੁਕੀਆਂ ਹਨ ਅਤੇ ਤਿੰਨ ਪੜਾਵਾਂ ਦੀਆਂ ਚੋਣਾਂ ਹਾਲੇ ਹੋਣੀਆਂ ਹਨ। ਜ਼ਖਮੀ ਜਵਾਨਾਂ ਨੂੰ ਇਸ ਰਾਜ ਦੀ ਰਾਜਧਾਨੀ ਰਾਂਚੀ ਲਿਆਂਦਾ ਗਿਆ ਹੈ। ਸੀ ਆਰ ਪੀ ਐੱਫ ਦੇ ਸੀਨੀਅਰ ਅਧਿਕਾਰੀ ਅਤੇ ਰਾਜ ਪੁਲਸ ਦੇ ਅਧਿਕਾਰੀ ਹਾਦਸੇ ਵਾਲੀ ਜਗ੍ਹਾ ਪਹੁੰਚ ਗਏ ਹਨ। ਸੀ ਆਰ ਪੀ ਐੱਫ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, 'ਇਸ ਘਟਨਾ ਦੇ ਪਿੱਛੇ ਕੀ ਕਾਰਨ ਸੀ, ਇਹ ਪਤਾ ਨਹੀਂ ਲੱਗ ਸਕਿਆ।

ਇਸ ਤੋਂ ਪਹਿਲਾਂ ਛੱਤੀਸਗੜ੍ਹ ਦੇ ਨਾਰ-ਾਇਣਪੁਰ ਵਿੱਚ ਭਾਰਤ-ਤਿੱਬਤ ਸਰਹੱਦੀ ਪੁਲਸ (ਆਈ ਟੀ ਬੀ ਪੀ) ਦੇ ਇਕ ਜਵਾਨ ਨੇ ਆਪਣੇ 5 ਸਾਥੀਆਂ ਨੂੰ ਗੋਲੀ ਮਾਰ ਦਿੱਤੀ ਤੇ ਬਾਅਦ ਵਿੱਚ ਉਸ ਜਵਾਨ ਦੀ ਮੌਤ ਹੋ ਗਈ ਸੀ। ਦੱਸਿਆ ਗਿਆ ਸੀ ਕਿ ਛੁੱਟੀਆਂ ਬਾਰੇ ਵਿਵਾਦ ਤੋਂ ਬਾਅਦ ਜਵਾਨ ਨੇ ਇਹ ਕਦਮ ਚੁੱਕਿਆ। ਆਈ ਟੀ ਬੀ ਪੀ ਦੇ ਜਵਾਨ ਮਸੂਦੁਲ ਰਹਿਮਾਨ ਨੇ ਸਰਵਿਸ ਰਿਵਾਲਵਰ ਨਾਲ ਅਚਾਨਕ ਸਾਥੀ ਜਵਾਨਾਂ ਉੱਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਅਚਾਨਕ ਹੋਈ ਇਸ ਫਾਇਰਿੰਗ ਵਿੱਚ ਜਵਾਨਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਮਿਲਿਆ।

## ਏ ਐਸ ਆਈ ਨੇ ਭਰਾ ਨੂੰ ਫੋਨ 'ਤੇ ਸੂਚਨਾ ਦੇ ਕੇ ਫਾਂਸੀ ਲਾ ਲਈ



ਬੇਰੀ, 10 ਦਸੰਬਰ (ਪੋਸਟ ਬਿਊਰੋ)- ਰੋਹਤਕ ਪੁਲਸ ਲਾਈਨ ਵਿੱਚ ਤੈਨਾਤ ਹਰਿਆਣਾ ਪੁਲਸ ਦੇ 58 ਸਾਲਾ ਏ ਐਸ ਆਈ ਨੇ ਕੱਲ੍ਹ ਬੇਰੀ ਵਿੱਚ ਆਪਣੇ ਖੇਤ 'ਤੇ ਰੁੱਖ ਨਾਲ ਫਾਂਸੀ ਲਾ ਕੇ ਆਤਮਹੱਤਿਆ ਕਰ ਲਈ। ਇਸ ਦੀ ਸੂਚਨਾ ਮਿਲਦੇ ਸਾਰ ਮੌਕੇ 'ਤੇ ਪਹੁੰਚੀ ਪੁਲਸ ਨੇ ਮ੍ਰਿਤਕ ਦੀ ਪਛਾਣ ਬੇਰੀ ਦੇ ਹਿੰਦਆਪਾਨਾ ਦੇ ਬਲਜੀਤ ਪੁੱਤਰ ਕਰਨ ਸਿੰਘ ਵਜੋਂ ਕੀਤੀ ਹੈ। ਉਹ ਬੇਰੀ ਵਿੱਚ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਦੀ ਛੁੱਟੀ ਲੈ ਕੇ ਆਇਆ ਸੀ ਅਤੇ ਉਸਦੀ ਕੁਝ ਦਿਨ ਪਹਿਲਾ ਸੋਨੀਪਤ ਤੋਂ ਬਦਲੀ ਹੋਣ ਕਰ ਕੇ ਰੋਹਤਕ ਪੁਲਸ ਲਾਈਨ ਨਵੀਂ ਤੈਨਾਤੀ ਹੋਈ ਸੀ।

ਦੱਸਿਆ ਗਿਆ ਹੈ ਕਿ ਏ ਐਸ ਆਈ ਨੇ ਆਤਮਹੱਤਿਆ ਕਰਨ ਤੋਂ ਪਹਿਲਾ ਮੋਬਾਈਲ ਤੋਂ ਆਪਣੇ ਭਰਾ ਕੁਲਦੀਪ ਨੂੰ ਸੂਚਨਾ ਦਿੱਤੀ ਸੀ। ਜਦੋਂ ਤੱਕ ਪਰਵਾਰ ਵਾਲੇ ਬੇਰੀ ਪਹੁੰਚਦੇ, ਤਦ ਤੱਕ ਬਲਜੀਤ ਦਰਖਤ ਉਤੇ ਫਾਂਸੀ ਲਾ ਕੇ ਜਾਨ ਦੇ ਚੁੱਕਾ ਸੀ। ਮ੍ਰਿਤਕ ਦੀ ਪਤਨੀ ਦਰਸ਼ਨਾਦੇਵਰ ਖੇਲ ਵਿਭਾਗ ਪੰਚਕੂਲਾ ਵਿੱਚ ਤੈਨਾਤ ਹੈ ਤੇ ਪੂਰਾ ਪਰਵਾਰ ਸਰਕਾਰੀ ਨੌਕਰੀ ਵਿੱਚ ਹੁੰਦੇ ਹੋਏ ਇਸ ਏ ਐਸ ਆਈ ਨੇ ਫਾਂਸੀ ਲਾ ਕੇ ਜਾਨ ਦੇ ਦਿੱਤੀ ਹੈ। ਇਸ ਦੇ ਪਿੱਛੇ ਕੀ ਕਾਰਨ ਸੀ ਤੇ ਮੋਬਾਈਲ 'ਤੇ ਭਰਾ ਨਾਲ ਕੀ ਗੱਲ ਹੋਈ ਸੀ, ਪੁਲਸ ਇਸ ਦੀ ਜਾਂਚ ਕਰ ਆਤਮਹੱਤਿਆ ਦੇ ਕਾਰਨਾਂ ਦਾ ਪਤਾ ਲਾ ਰਹੀ ਹੈ। ਬੇਰੀ ਪੁਲਸ ਚੌਕੀ ਦੇ ਪ੍ਰਭਾਰੀ ਰਾਮਪਾਲ ਨੇ ਦੱਸਿਆ ਕਿ ਬੇਰੀ ਵਿੱਚਬਲਜੀਤ ਆਪਣੇ ਪਰਵਾਰ ਵਿੱਚ ਵਿਆਹ ਵਿੱਚ ਸ਼ਾਮਲ ਹੋਣ ਲਈ ਆਇਆ ਸੀ। ਕੱਲ੍ਹ ਉਸ ਦੀ ਲਾਸ਼ ਪਿੰਡ ਸ਼ੇਰੀਆਂ ਮਾਰਗ 'ਤੇ ਖੇਤ ਵਿੱਚ ਦਰਖ਼ਤ 'ਤੇ ਲਟਕਦੀ ਮਿਲੀ।

## ਹੈਦਰਾਬਾਦ ਕਾਂਡ ਵਿਚ ਹਾਈ ਕੋਰਟ ਨੇ ਦੋਸ਼ੀਆਂ ਦੀਆਂ ਲਾਸ਼ਾਂ 13 ਤੱਕ ਸੰਭਾਲ ਕੇ ਰੱਖਣ ਨੂੰ ਕਿਹਾ



ਹੈਦਰਾਬਾਦ, 10 ਦਸੰਬਰ (ਪੋਸਟ ਬਿਊਰੋ)- ਤੇਲੰਗਾਨਾ ਹਾਈਕੋਰਟ ਨੇ ਹੈਦਰਾਬਾਦ ਬਲਾਤਕਾਰ ਤੇ ਕਤਲ ਕੇਸ ਦੇ ਚਾਰ ਦੋਸ਼ੀਆਂ ਦੀਆਂ ਲਾਸ਼ਾਂ ਨੂੰ 13 ਦਸੰਬਰ ਤੱਕ ਸੰਭਾਲ ਕੇ ਰੱਖਣ ਦਾ ਆਦੇਸ਼ ਦਿੱਤਾ ਹੈ।

ਚੀਫ ਜਸਟਿਸ ਆਰ ਐਸ ਚੌਹਾਨ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਇਸ ਸਬੰਧ ਵਿੱਚ ਆਦੇਸ਼ ਦਿੱਤਾ ਕਿ ਜੇ ਮਹਿਬੂਬਨਗਰ ਦੇ ਸਰਕਾਰੀ ਹਸਪਤਾਲ 'ਚ ਲਾਸ਼ਾਂ ਨੂੰ 13 ਦਸੰਬਰ ਤੱਕ ਸੰਭਾਲਣ ਲਈ ਸੁਵਿਧਾ ਨਹੀਂ ਤਾਂ ਹੈਦਰਾਬਾਦ ਦੇ ਸਰਕਾਰੀ ਗਾਂਧੀ ਹਸਪਤਾਲ 'ਚ ਲਾਸ਼ਾਂ ਨੂੰ ਰੱਖਿਆ ਜਾ ਸਕਦਾ ਹੈ। ਵਰਨਣ ਯੋਗ ਹੈ ਕਿ ਹੈਦਰਾਬਾਦ ਬਲਾਤਕਾਰ ਅਤੇ ਕਤਲ ਕੇਸ ਦੇ ਚਾਰ ਦੋਸ਼ੀ, ਜਿਹੜੇ ਬੀਤੇ ਹਫ਼ਤੇ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਸਨ, ਦੀ ਮੌਤ ਦੀ ਜਾਂਚ ਦੇ ਕੇਸ ਵਿੱਚ ਤੇਲੰਗਾਨਾ ਸਰਕਾਰ ਨੇ ਇੱਕ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਹੈ। ਇਸ ਬਾਰੇ ਸਰਕਾਰ ਨੇ ਵੀ ਕੱਲ੍ਹ ਆਦੇਸ਼ ਜਾਰੀ ਕੀਤਾ ਹੈ, ਜਿਸ ਦੇ ਮੁਤਾਬਕ ਚਾਰ ਜਣਿਆਂ ਦੀ ਮੌਤ ਦੇ ਕਾਰਨ ਅਤੇ ਹਾਲਾਤ ਦਾ ਪਤਾ ਲਾਇਆ ਜਾਣਾ ਚਾਹੀਦਾ ਤੇ ਸੱਚਾਈ ਨੂੰ ਸਥਾਪਤ ਕਰਨਾ ਚਾਹੀਦਾ ਹੈ। ਅੱਠ ਮੈਂਬਰੀ ਐਸ ਆਈ ਟੀ ਦੀ ਅਗਵਾਈ ਰਚਾਕੌਂਡਾ ਦੇ ਪੁਲਸ ਕਮਿਸ਼ਨਰ ਮਹੇਸ਼ ਐਮ ਭਾਗਵਤ ਕਰਨਗੇ ਅਤੇ ਐਸ ਆਈ ਟੀ ਤੁਰੰਤ ਜਾਂਚ ਸ਼ੁਰੂ ਕਰ ਦੇਵੇਗੀ।

## ਅਦਾਲਤ ਨੇ ਪੰਜਾਬ, ਹਰਿਆਣਾ ਅਤੇ ਯੂਪੀ ਤੋਂ ਪਰਾਲੀ ਨੂੰ ਸਾੜਨ ਬਾਰੇ ਰਿਪੋਰਟ ਮੰਗੀ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪਰਾਲੀ ਸਾੜਨ 'ਤੇ ਇੱਕ ਵਾਰੀ ਫਿਰ ਸਖਤੀ ਦਿਖਾਈ ਹੈ ਅਤੇ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਤੋਂ ਤਾਜ਼ਾ ਰਿਪੋਰਟ ਤਲਬ ਕੀਤੀ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਦਿੱਲੀ-ਐਨ ਸੀ ਆਰ ਵਿੱਚ ਉਸਾਰੀ ਦੇ ਕਾਰਜਾਂ 'ਤੇ ਲੱਗੀ ਪੂਰਨ ਪਾਬੰਦੀ 'ਚ ਢਿੱਲ ਦਿੰਦੇ ਹੋਏ ਸਵੇਰੇ ਛੇ ਵਜੇ ਤੋਂ ਸ਼ਾਮ ਛੇ ਵਜੇ ਤੱਕ ਨਿਰਮਾਣ ਕਾਰਜ ਦੀ ਇਜਾਜ਼ਤ ਦੇ ਦਿੱਤੀ ਹੈ।

ਉਸਾਰੀ ਕਾਰਜਾਂ ਬਾਰੇ ਇਹ ਢਿੱਲ ਸੁਪਰੀਮ ਕੋਰਟ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੀ ਉਸ ਰਿਪੋਰਟ ਦੇ ਆਧਾਰ 'ਤੇ ਦਿੱਤੀ ਹੈ ਜਿਸ ਵਿੱਚ ਰਾਤ ਨੂੰ ਨਿਰਮਾਣ ਕਾਰਜਾਂ 'ਤੇ ਪੂਰਨ ਪਾਬੰਦੀ ਜਾਰੀ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ। ਨਾਲ ਕਿਹਾ ਗਿਆ ਸੀ ਕਿ ਜੇਇਨ੍ਹਾਂ ਕਾਰਜਾਂ ਨੂੰ ਲੈ ਕੇ ਕੋਈ ਢਿੱਲ ਦੇਣੀ ਹੈ ਤਾਂ ਉਹ ਸਵੇਰੇ ਛੇ ਵਜੇ ਤੋਂ ਸ਼ਾਮ ਛੇ ਵਜੇ ਤੱਕ ਦਿੱਤੀ ਜਾਵੇ। ਉਸਾਰੀ ਕਾਰਜਾਂ 'ਤੇ ਇਹ ਰੋਕ ਪਹਿਲੀ ਨਵੰਬਰ ਨੂੰ ਹਵਾ ਪ੍ਰਦੂਸ਼ਣ ਦੇ ਖਤਰਨਾਕ ਪੱਧਰ 'ਤੇ ਪਹੁੰਚਣ ਤੋਂ ਬਾਅਦ ਲਾਈ ਗਈ ਸੀ। ਇਨ੍ਹਾਂ ਕਾਰਜਾਂ 'ਤੇ ਲੱਗੀ ਰੋਕ 'ਚ ਢਿੱਲ ਦੇਣ ਦਾ ਇਹ ਫੈਸਲਾ ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਕੱਲ੍ਹ ਹਵਾ ਪ੍ਰਦੂਸ਼ਣ ਨਾਲ ਜੁੜੇ ਕੇਸ ਦੀ ਸੁਣਵਾਈ ਦੌਰਾਨ ਦਿੱਤੀ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਵੀ ਕੋਰਟ ਦੇ ਅੱਗੇ ਇੱਕ ਰਿਪੋਰਟ ਰੱਖੀ ਜਿਸ ਵਿੱਚ ਕਿਹਾ ਕਿ ਕੋਰਟ ਦੇ ਨਿਰਦੇਸ਼ ਤੋਂ ਬਾਅਦ ਹਵਾ ਪ੍ਰਦੂਸ਼ਣ ਨਾਲ ਨਿਪਟਣ ਲਈ ਦੁਨੀਆ 'ਚ ਪ੍ਰਚਲਿਤ ਤਕਨੀਕ ਦੀ ਵਰਤੋਂ ਕਰਨ ਦੀਆਂ ਸੰਭਾਵਨਾਵਾਂ ਨੂੰ ਲੱਭਣ ਲਈ ਇੱਕ ਉਚ ਪੱਧਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਆਈ ਆਈ ਟੀ ਅਤੇ ਕਈ ਹੋਰ ਤਕਨੀਕੀ ਅਦਾਰਿਆਂ ਨਾਲ ਜੁੜੇ ਵਿਗਿਆਨੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ 'ਤੇ ਕੋਰਟ ਨੇ ਕਮੇਟੀ 'ਚ ਦਿੱਲੀ, ਯੂਪੀ, ਪੰਜਾਬ ਅਤੇ ਹਰਿਆਣਾ ਦੇ ਸੀਨੀਅਰ ਅਧਿਕਾਰੀਆਂ ਨੂੰ ਸ਼ਾਮਲ ਕਰਨ ਦੇ ਨਿਰਦੇਸ਼ ਦਿੱਤੇ।

ਅਦਾਲਤ ਦੇ ਸਾਹਮਣੇ ਦਿੱਲੀ ਸਰਕਾਰ ਵੱਲੋਂ ਪੇਸ਼ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਕੋਰਟ ਦੇ ਨਿਰਦੇਸ਼ ਤੋਂ ਬਾਅਦ ਐਂਟੀ ਸਮੋਕ ਗੰਨ ਵਰਗੇ ਉਪਾਵਾਂ ਬਾਰੇ ਸਹਿਮਤੀ ਬਣੀ ਹੈ। ਛੇਤੀ ਹੀ ਇਸ ਨੂੰ ਪਰਖਣ ਵਾਸਤੇ ਦਿੱਲੀ ਦੀਆਂ ਕੁਝ ਥਾਵਾਂ ਉੱਤੇ ਲਾਇਆ ਜਾਵੇਗਾ। ਇਸ ਸਮੋਕ ਗੰਨ ਦੇ ਜ਼ਰੀਏ ਹਵਾ 'ਟ 50 ਮੀਟਰ ਤੱਕ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ ਜਿਸ ਨਾਲ ਹਵਾ 'ਚ ਮੌਜੂਦ ਭਾਰੀ ਪ੍ਰਦੂਸ਼ਣ ਕਣ ਪਾਣੀ ਵਿੱਚ ਘੁਲ ਕੇ ਬੈਠ ਜਾਂਦੇ ਹਨ।





# ਭਾਰਤ ਨੇ ਕਿਹਾ; ਵਾਤਾਵਰਣ ਬਾਰੇ ਪਹਿਲਾਂ ਪੈਰਿਸ ਦੇ ਸੰਕਲਪ ਪੂਰੇ ਕਰੋ

ਮੈਡ੍ਰਿਡ, 10 ਦਸੰਬਰ (ਪੋਸਟ ਬਿਊਰੋ)- ਭਾਰਤ ਨੇ ਕਿਹਾ ਹੈ ਕਿ ਵਾਤਾਵਰਨ ਸੁਧਾਰ ਲਈ ਪੈਰਿਸ ਸਮਝੌਤੇ ਦੇ ਸੰਕਲਪ ਨੂੰ ਪੂਰਾ ਕੀਤਾ ਜਾਵੇ, ਇਸਤੋਂ ਬਾਅਦ ਕੋਈ ਨਵਾਂ ਮਾਪਦੰਡ ਤੈਅ ਕੀਤਾ ਜਾਵੇ।



ਸਾਲ 2015 'ਚ ਹੋਏ ਪੈਰਿਸ ਸਮਝੌਤੇ ਉੱਤੇ 195 ਦੇਸ਼ਾਂ ਨੇ ਦਸਤਖਤ ਕੀਤੇ ਸਨ, ਵੱਡਾ ਭਾਈਵਾਲ ਅਮਰੀਕਾ ਇਸ ਤੋਂ ਪਿੱਛੇ ਹਟਣ ਦਾ ਐਲਾਨ ਕਰ ਚੁੱਕਾ ਹੈ। ਪੈਰਿਸ ਸਮਝੌਤੇ ਦੇ ਸੰਕਲਪ ਮੁਤਾ-ਬਕ 2050 ਤੱਕ ਕਾਰਬਨ ਨਿਕਾਸੀ ਸਿਫਰ ਕਰਨਾ ਹੈ ਤੇ ਧਰਤੀ ਦੇ ਤਾਪਮਾਨ ਨੂੰ ਵਧਣ ਤੋਂ ਰੋਕ ਕੇ ਉਸ ਨੂੰ 15 ਡਿਗਰੀ ਸੈਲਸੀਅਸ ਤੱਕ ਲਿਆਉਣਾ ਹੈ। ਯੂ ਐੱਨ ਓ ਵੱਲੋਂ ਕਰਵਾਏ ਸੰਮੇਲਨ 'ਚ ਭਾਰਤ ਵੱਲੋਂ ਹਿੱਸਾ ਲੈ ਰਹੇ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਮੈਡ੍ਰਿਡ ਸੰਮੇਲਨ ਦਾ ਕੋਈ ਨਵਾਂ ਫੈਸਲਾ ਪੁਰਾਣੇ ਸੰਕਲਪਾਂ ਨੂੰ ਵਿਅਰਥ ਕਰ ਦੇਵੇਗਾ। ਇਸ ਤੋਂ ਭਰਮ ਪੈਦਾ ਹੋਵੇਗਾ। ਇਸ ਲਈ ਪਹਿਲਾਂ ਲਏ ਸੰਕਲਪ ਪੂਰੇ ਹੋਣ ਦਿੱਤੇ ਜਾਣ।

ਦੁਨੀਆ ਦੀਆਂ 20 ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਵਾਲੇ ਜੀ-20 ਦੇਸ਼ਾਂ ਵਿੱਚ ਅਮਰੀਕਾ ਤੋਂ ਇਲਾਵਾ 19 ਦੇਸ਼ ਪੈਰਿਸ ਸਮਝੌਤੇ ਨਾਲ ਜੁੜੇ ਹੋਏ ਹਨ ਤੇ ਉਸ ਉਤੇ ਕੰਮ ਕਰ ਰਹੇ ਹਨ। ਵਿਕਾਸਸ਼ੀਲ ਦੇਸ਼ਾਂ ਨੂੰ ਪੈਰਿਸ ਸਮਝੌਤੇ 'ਤੇ ਦਸਤਖਤ ਲਈ ਤਿਆਰ ਕਰਨ 'ਚ ਭਾਰਤ ਦੀ ਅਹਿਮ ਭੂਮਿਕਾ ਸੀ। ਜਾਵੜੇਕਰ ਨੇ ਕਿਹਾ ਕਿ ਊਰਜਾ ਲਈ ਭਾਰਤ ਕੋਲੇ 'ਤੇ ਆਪਣੀ ਨਿਰਭਰਤਾ ਘੱਟ ਕਰੀ ਜਾ ਰਿਹਾ ਹੈ। ਸਾਲ 2030 ਤੱਕ ਉਹ 35 ਫੀਸਦੀ ਆਪਣੀ ਊਰਜਾ ਜ਼ਰੂਰਤ ਗੈਰ ਪ੍ਰਦੂਸ਼ਣਕਾਰੀ ਸਰੋਤਾਂ ਤੋਂ ਪੂਰੀ ਕਰਨ ਜੋਗਾ ਹੋ ਜਾਵੇਗਾ। ਜਾਵੜੇਕਰ ਨੇ ਕਿਹਾ ਕਿ ਭਾਰਤ ਦੁਨੀਆ ਦੇ ਉਨ੍ਹਾਂ ਕੁਝ ਦੇਸ਼ਾਂ 'ਚ ਸ਼ਾਮਲ ਹੈ ਜਿਹੜੇ ਤੇਜ਼ੀ ਨਾਲ ਆਪਣੇ ਜੰਗਲ ਵਧਾ ਰਹੇ ਹਨ। ਭਾਰਤ ਨੇ ਪਿਛਲੇ ਕੁਝ ਸਾਲਾਂ 'ਚ ਆਪਣਾ ਜੰਗਲਾਤ ਖੇਤਰ 13,000 ਵਰਗ ਕਿਲੋਮੀਟਰ ਤੱਕ ਵਧਾਇਆ ਹੈ। ਇਸ ਸੰਮੇਲਨ ਵਿੱਚ ਅਫਰੀਕਾ ਮਹਾਦੀਪ ਦੀ ਦੋ ਤਿਹਾਈ ਆਬਾਦੀ ਦੇ ਬਗੈਰ ਬਿਜਲੀ ਦੇ ਜੀਵਨ ਬਿਤਾਉਣ 'ਤੇ ਵੀ ਚਰਚਾ ਹੋਈ ਹੈ। ਕਿਹਾ ਗਿਆ ਹੈ ਕਿ ਖੇਤਰ ਦੇ ਵਿਕਾਸ ਦੇ ਬਗੈਰ ਵਾਤਾਵਰਨ ਸੁਧਾਰ ਦੀ ਕਲਪਨਾ ਬੇਕਾਰ ਹੋਵੇਗੀ।

# ਵਾਸ਼ਿਗਟਨ 'ਚ ਪਾਕਿਸਤਾਨੀ ਦੂਤਘਰ ਅੱਗੇ ਜ਼ੋਰਦਾਰ ਮੁਜ਼ਾਹਰਾ

ਵਾਸ਼ਿਗਟਨ, 10 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂ ਦਹਿਸ਼ਤਗਰਦ ਗੁੱਟਾਂ ਨੂੰ ਹਮਾਇਤ ਦੇਣ ਦੇ ਰੋਸ ਵਜੋਂ ਇਥੇ ਪਾਕਿਸਤਾਨੀ ਦੂਤਘਰ ਦੇ ਬਾਹਰ ਹੋਏ ਮੁਜ਼ਾਹਰੇ 'ਚ ਅਮਰੀਕਾ ਦੇ ਸਾਬਕਾ ਫ਼ੌਜੀ ਵੀ ਸ਼ਾਮਲ ਹੋਏ। ਇਹ ਪ੍ਰਦਰਸ਼ਨ ਕਸ਼ਮੀਰੀ ਪਰਵਾਸੀਆਂ ਅਤੇ ਭਾਰਤੀ-ਅਮਰੀਕੀ ਲੋਕਾਂ ਨੇ ਕੀਤਾ ਸੀ, ਜਿਸ ਵਿੱਚ ਲੋਕਾਂ ਨੇ 'ਪਾਕਿਸਤਾਨ ਤਾਲਿਬਾਨ ਹੈ', 'ਪਾਕਿਸਤਾਨ ਦਹਿਸ਼ਤੀ ਮੁਲਕ ਹੈ' ਅਤੇ 'ਬਿਨ ਲਾਦੇਨ ਕਿੱਥੇ ਸੀ' ਜਿਹੇ ਨਾਅਰੇ ਲਾਉਂਦਿਆਂ ਮੰਗ ਕੀਤੀ ਕਿ ਪਾਕਿ-ਸਤਾਨ ਨੂੰ ਅਤਿਵਾਦ ਨੂੰ ਸ਼ਹਿ ਦੇਣ ਵਾਲਾ ਦੇਸ਼ ਐਲਾਨਿਆ ਜਾਣਾ ਚਾਹੀਦਾ ਹੈ। ਸਾਬਕਾ ਫ਼ੌਜੀ ਡੇਵਿਡ ਡੀਨਸਟੈਗ ਨੇ ਕਿਹਾ, 'ਮੈਂ ਅਮਰੀਕਾ ਵਿੱਚ ਪਾਕਿਸਤਾਨ ਦੀ ਭੂਮਿਕਾ ਬਾਰੇ ਜਾਗੂਰਕ ਕਰਨ ਦੇ ਲਈ ਇੱਥੇ ਆਇਆ ਹਾਂ। ਪਾਕਿ-ਸਤਾਨ ਤਾਲਿਬਾਨ ਦੀ ਹਮਾਇਤ ਕਰਕੇ ਅਮਰੀਕੀ ਪੁੱਤਾਂ-ਧੀਆਂ ਨੂੰ ਮਰਵਾ ਰਿਹਾ ਹੈ। ਇਹ ਸਾਰਾ ਕੁਝ ਅਮਰੀਕੀ ਟੈਕਸ ਦਾਤਿਆਂ ਦੇ ਡਾਲਰਾਂ ਨਾਲ ਹੋ ਰਿਹਾ ਹੈ, ਪਰ ਟੈਕਸ ਦਾਤੇ ਇਹ ਜਾਣਦੇ ਤੱਕ ਨਹੀਂ।'' ਭਾਰਤੀ-ਅਮਰੀਕੀ ਮੈਂਗਾ ਅਨੰਤਾਤਮੁਲਾ ਨੇ ਦੋਸ਼ ਲਾਇਆ ਕਿ ਪਾਕਿਸਤਾਨ ਕਸ਼ਮੀਰ 'ਚ ਅਤਿਵਾਦ ਨੂੰ ਸ਼ਹਿ ਦੇ ਰਿਹਾ ਹੈ। ਦੁਨੀਆ ਕਸ਼ਮੀਰ 'ਚ ਕਤਲੇਆਮ ਬਾਰੇ ਨਹੀਂ ਜਾਣਦੀ। ਪਾਕਿਸਤਾਨ 25 ਹਜ਼ਾਰ



ਤੋਂ ਵੱਧ ਕਸ਼ਮੀਰੀ ਹਿੰਦੂਆਂ ਦੇ ਕਤਲੇਆਮ ਦਾ ਜ਼ਿੰਮੇਵਾਰ ਹੈ। ਕਸ਼ਮੀਰੀ ਹਿੰਦੂਆਂ ਨੂੰ ਰਾਤੋ ਰਾਤ ਬੇਘਰ ਕਰ ਦਿੱਤਾ ਗਿਆ ਸੀ।' ਡੈਮੋਕਰੈਟਿਕ ਪਾਰਟੀ ਵੱਲੋਂ ਚੋਣ ਲੜਨ ਜਾ ਰਹੀ ਅਨੰਤਾਤਮੁਲਾ ਨੇ ਕਿਹਾ ਕਿ ਉਹ ਦੁਨੀਆਂ ਨੂੰ ਦੱਸਣਾ ਚਾਹੁੰਦੇ ਹਨ ਕਿ ਪਾਕਿਸਤਾਨ ਅਤਿਵਾਦੀ ਦੇਸ਼ ਹੈ। ਇੱਕ ਪ੍ਰਦਰਸ਼ਨਕਾਰੀ ਮਿਬਿਲਾ ਨੇ ਕਿਹਾ ਕਿ ਧਾਰਾ 370 ਅਤੇ 35ਏ ਹਟਾਏ ਜਾਣ ਨਾਲ ਕਸ਼ਮੀਰੀਆਂ ਨੂੰ ਆਸ ਦੀ ਕਿਰਨ ਨਜ਼ਰ ਆਈ ਹੈ। ਉਹ ਜਦੋਂ ਤਿੰਨ ਸਾਲ ਦੀ ਸੀ ਤਾਂ ਪਾਕਿ-ਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦਾਂ ਨੇ ਉਸ ਦੇ ਪਰਵਾਰ ਨੂੰ ਕਸ਼ਮੀਰ ਵਾਦੀ 'ਚੋਂ ਜਾਣ ਲਈ ਮਜਬੂਰ ਕਰ ਦਿੱਤਾ ਸੀ। ਇਸ ਰੈਲੀ ਦੇ ਪ੍ਰਬੰਧਕ ਮੋਹਨ ਸਪਰੂ ਨੇ ਕਿਹਾ ਕਿ ਕਸ਼ਮੀਰੀ ਹਿੰਦੂਆਂ ਲਈ 1989 ਤੋਂ 1991 ਦਾ ਦੌਰ ਕਾਲਾ ਸੀ ਤੇ ਦੁਨੀਆ ਖਾਮੋਸ਼ ਸੀ ਪਰ ਦਹਿਸ਼ਤਗਰਦਾਂ ਨੇ ਮਨੁੱਖੀ ਹੱਕਾਂ ਦੀ ਉਲੰਘਣਾ ਕਰਦਿਆਂ 40 ਲੱਖ ਕਸ਼ਮੀਰੀ ਹਿੰਦੂਆਂ ਨੂੰ ਕਸ਼ਮੀਰ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਇਸ ਮੁਜ਼ਾਹਰੇ ਨਾਲ ਇੱਕ ਵਿਰੋਧ ਦੀ ਸ਼ੁਰੂਆਤ ਹੋਈ ਸਮਝੀ ਜਾਂਦੀ ਹੈ।

# ਅਮਰੀਕਾ ਵਿਚ ਊਬਰ ਡਰਾਈਵਰ ਸਿੱਖ ਉੱਤੇ ਕੀਤਾ ਨਸਲੀ ਹਮਲਾ



ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿਚ ਊਬਰ ਕੰਪਨੀ ਦੇ ਇਕ ਸਿੱਖ ਡਰਾਈਵਰ ਉੱਤੇ ਯਾਤਰੀ ਵਲੋਂ ਨਸਲੀ ਹਮਲਾ ਕੀਤੇ ਜਾਣ ਦੀ ਖਬਰ ਮਿਲੀ ਹੈ।

'ਦ ਅਮੈਰੀਕਨ ਬਾਜ਼ਾਰ' ਨੇ ਬੈਲਿੰਗਹੇਮ ਹੇਰਲਡ ਦੇ ਹਵਾਲੇ ਨਾਲ ਸੋਮਵਾਰ ਦੱਸਿਆ ਕਿ ਇਹ ਘਟਨਾ 5 ਦਸੰਬਰ ਨੂੰ ਵਾਸ਼ਿੰਗਟਨ ਦੇ ਤੱਟੀ ਸ਼ਹਿਰ ਬੇਲਿੰਗਹੈਮ ਵਿਚ ਵਾਪਰੀ, ਜਦੋਂ ਸਿੱਖ ਡਰਾਈਵਰ ਨੇ ਗ੍ਰਿਫਿਨ ਲੇਵੀ ਸੇਅਰ ਨਾਂ ਦੇ ਯਾਤਰੀ ਨੂੰ ਆਪਣੀ ਕੈਬ ਵਿਚ ਬਿਠਾਇਆ। ਉਸੇ ਦਿਨ ਬੇਲਿੰਗਹੇਮ ਪੁਲਸ ਨੂੰ ਸਿੱਖ ਡਰਾਈਵਰ ਦੀ ਕਾਲ ਆਈ ਸੀ ਕਿ ਉਸ ਉੱਤੇ ਯਾਤਰੀ ਨੇ ਹਮਲਾ ਕਰ ਦਿੱਤਾ ਹੈ। ਪੁਲਸ ਨੇ 22 ਸਾਲਾ ਸੇਅਰ ਨੂੰ ਹਮਲੇ ਦੇ ਸ਼ੱਕ ਉੱਤੇ ਗ੍ਰਿਫਤਾਰ ਕਰ ਲਿਆ ਸੀ। ਪੁਲਸ ਰਿਕਾਰਡ ਅਨੁਸਾਰ ਉਸ ਨੂੰ ਅਗਲੇ ਦਿਨ 13,000 ਡਾਲਰ ਦੀ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਗਿਆ। ਡਰਾਈਵਰ ਨੇ ਪੁਲਸ ਨੂੰ ਦੱਸਿਆ ਕਿ ਸੇਅਰ ਕੁਝ ਸਮਾਨ ਖਰੀਦ ਕੇ ਉਸ ਨੂੰ ਫਿਰ ਪਿਕਅਪ ਪੁਆਇੰਟ ਉੱਤੇ ਲੈ ਕੇ ਗਿਆ, ਜਿਥੇ ਉਸ ਨੇ ਡਰਾਈਵਰ ਨਾਲ ਬਦਸਲੂਕੀ ਕੀਤੀ। ਇਸ ਮੌਕੇ ਉਸ ਨੇ ਡਰਾਈਵਰ ਨੂੰ ਉਸ ਦੇ ਗਲ ਤੋਂ ਫੜ ਲਿਆ ਤੇ ਉਸ ਨਾਲ ਧੱਕਾ-ਮੁੱਕੀ ਕੀਤੀ ਅਤੇ ਉਸ ਨੇ ਸਿੱਖ ਡਰਾਈਵਰ ਦੇ ਖਿਲਾਫ ਨਸਲੀ ਟਿੱਪਣੀਆਂ ਵੀ ਕੀਤੀਆਂ। ਡਰਾਈਵਰ ਕਿਸੇ ਤਰ੍ਹਾਂ ਕੈਬ ਤੋਂ ਬਾਹਰ ਨਿਕਲਿਆ ਤੇ 911 ਉੱਤੇ ਕਾਲ ਕੀਤੀ। ਜਦੋਂ ਪੁਲਸ ਓਥੇ ਪਹੁੰਚੀ ਤਾਂ ਉਸ ਨੇ ਸੇਅਰ ਨੂੰ ਨੇੜਲੇ ਇਲਾਕੇ ਤੋਂ ਲੱਭ ਕੇ ਗ੍ਰਿਫਤਾਰ ਕਰ ਲਿਆ। ਦ ਅਮੈਰੀਕਨ ਬਾਜ਼ਾਰ ਨੇ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਦੇ ਖਿਲਾਫ ਹੇਟ ਕਰਾਈਮ ਨਾਗਰਿਕ ਅਧਿਕਾਰਾਂ ਅਤੇ ਘੱਟ ਗਿਣਤੀ ਗਰੁੱਪ ਹਮੇਸ਼ਾ ਰਾਡਾਰ ਉੱਤੇ ਰਹੇ ਹਨ। ਪਿਛਲੇ ਮਹੀਨੇ ਜਾਰੀ ਹੋਈ ਰਿਪੋਰਟ ਮੁਤਾਬਕ ਵੀ ਅਮਰੀਕਾ ਵਿਚ ਸਿੱਖਾਂ ਨੂੰ ਯਹੂਦੀਆਂ ਤੇ ਮੁਸਲਮਾਨਾਂ ਤੋਂ ਬਾਅਦ ਸਭ ਤੋਂ ਵਧੇਰੇ ਟਾਰਗੇਟ ਕੀਤਾ ਜਾਂਦਾ ਹੈ। ਐਫ ਬੀ ਆਈ ਦੀ ਰਿਪੋਰਟ ਅਨੁਸਾਰ ਸਿੱਖ ਵਿਰੋਧੀ ਅਪਰਾਧਾਂ ਵਿਚ 2017 ਤੋਂ ਅੱਜ ਤੱਕ 200 ਫੀਸਦੀ ਵਾਧਾ ਹੋਇਆ ਹੈ।

# ਦੁਨੀਆ ਭਰ ਵਿੱਚ ਹਥਿਆਰਾਂ ਦੀ ਵਿਕਰੀ ਪੰਜ ਫੀਸਦੀ ਤੱਕ ਵਧੀ

ਸਟਾਕਹੋਮ, 10 ਦਸੰਬਰ (ਪੋਸਟ ਬਿਊਰੋ)- ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਨਵੀਂ ਰਿਪੋਰਟ ਮੁਤਾਬਕ 2018 'ਚ ਹਥਿਆਰਾਂ ਦੀ ਵਿਕਰੀ ਕਰੀਬ ਪੰਜ ਫੀਸਦੀ ਤੱਕ ਵੱਧ ਗਈ ਹੈ।

ਇਸ ਰਿਪੋਰਟ ਅਨੁਸਾਰ ਹਥਿਆਰ ਵੇਚਣ ਵਾਲਿਆਂ 'ਚ ਅਮਰੀਕਾ ਮੋਹਰੀ ਹੈ ਅਤੇ ਹਥਿਆਰ ਬਣਾਉਣ ਵਾਲੀਆਂ 100 ਵੱਡੀਆਂ ਕੰਪਨੀਆਂ ਦੀ ਸਲਾਨਾ ਵਿਕਰੀ 420 ਅਰਬ ਡਾਲਰ ਰਹੀ ਹੈ। ਅਮਰੀਕੀ ਕੰਪਨੀਆਂ ਦੀ ਸਾਲਾਨਾ ਵਿਕਰੀ 246 ਅਰਬ ਡਾਲਰ ਰਹੀ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 7.2 ਫ਼ੀਸਦੀ ਵੱਧ ਹੈ। ਇੰਸਟੀਚਿਊਟ ਦੇ ਹਥਿਆਰਾਂ ਬਾਰੇ ਤਬਾਦਲੇ ਅਤੇ ਫੌਜੀ ਖਰਚਾ ਪ੍ਰੋਗਰਾਮ ਦੇ ਡਾਇਰੈਕਟਰ ਔਡੇ ਫਲਿਊਰੈਂਟ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਦੇ ਦੌਰਾਨ ਅਮਰੀਕੀ ਹਥਿਆਰਾਂ ਦੀ ਜ਼ਿਆਦਾ ਵਿਕਰੀ ਨੂੰ ਦੇਖਦਿਆਂ ਇਹ ਅਹਿਮ ਵਾਧਾ ਦਰਜ ਹੋਇਆ ਹੈ। ਰਾਸ਼ਟਰਪਤੀ ਟਰੰਪ ਦੀ ਸਰਕਾਰ ਵੱਲੋਂ ਆਪਣੀਆਂ ਹਥਿਆਰਬੰਦ ਸੇਵਾਵਾਂ ਨੂੰ ਅਤਿ ਆਧੁਨਿਕ ਬਣਾਉਣ ਦੇ ਫੈਸਲੇ ਨਾਲ ਅਮਰੀਕੀ ਕੰਪਨੀਆਂ ਲਾਭ ਹੋਇਆ ਹੈ। ਹਥਿਆਰ ਬਣਾਉਣ ਦੀ ਰੈਂਕਿੰਗ ਵਿੱਚ ਰੂਸ ਨੂੰ ਦੂਜਾ ਸਥਾਨ ਮਿਲਿਆ ਅਤੇ ਉਸ ਦਾ ਬਾਜ਼ਾਰ 'ਤੇ 8.6 ਫੀਸਦੀ ਕਬਜ਼ਾ ਹੈ। ਇੰਗਲੈਂਡ 8.4 ਫੀਸਦੀ ਨਾਲ ਤੀਜੇ ਅਤੇ ਫਰਾਂਸ 5.5 ਫੀਸਦੀ ਨਾਲ ਚੌਥੇ ਨੰਬਰ 'ਤੇ ਹੈ। ਅਧਿਐਨ 'ਚ ਚੀਨ ਦਾ ਨਾਮ ਸ਼ਾਮਲ ਨਹੀਂ ਹੈ ਕਿਉਂਕਿ ਉਥੋਂ ਢੁਕਵੇਂ ਅੰਕੜੇ ਨਹੀਂ ਮਿਲ ਸਕੇ। ਇੰਸਟਰੀਚਿਊਟ ਦੀ ਖੋਜ ਮੁਤਾਬਕ ਹਥਿਆਰ ਬਣਾਉਣ ਵਾਲੀਆਂ 100 ਮੋਹਰੀ ਕੰਪਨੀਆਂ 'ਚ ਚੀਨ ਦੀਆਂ ਤਿੰਨ ਤੋਂ ਸੱਤ ਕੰਪਨੀਆਂ ਸ਼ਾਮਲ ਹਨ। ਚੀਨ ਵੱਲੋਂ 2013 ਤੋਂ ਹਰ ਸਾਲ ਰੱਖਿਆ ਉੱਤੇ ਜੀ ਡੀ ਪੀ ਦਾ 1.9 ਫੀਸਦੀ ਖਰਚਾ ਕੀਤਾ ਜਾਂਦਾ ਹੈ। ਰੂਸੀ ਕੰਪਨੀ ਅਲਮਾਜ਼-ਅਨਤੇਈ 9.6 ਅਰਬ ਡਾਲਰ ਦੀ ਸਾਲਾਨਾ ਵਿਕਰੀ ਨਾਲ ਨੌਵੇਂ ਸਥਾਨ 'ਤੇ ਪਹੁੰਚ ਗਈ ਹੈ। ਉਸ ਦੀ ਐਸ-400 ਹਵਾਈ ਰੱਖਿਆ ਪ੍ਰਣਾਲੀ ਦੀ ਵਿਕਰੀ ਜ਼ਿਆਦਾ ਹੈ ਅਤੇ ਨਾਟੋ ਮੈਂਬਰ ਤੁਰਕੀ ਵੀ ਉਸ ਦਾ ਖਰੀਦਦਾਰ ਹੈ।

# ਚਾਰ ਬੁਆਏ ਫ੍ਰੈਂਡਸ ਨਾਲ ਰਹਿੰਦੀ ਔਰਤ ਨੇ ਕਿਹਾ ਕਿ ਚਾਰੇ ਮਿਲਕੇ ਬੱਚਿਆਂ ਨੂੰ ਪਾਲਣਗੇ

ਅਮਰੀਕਾ, 10 ਦਸੰਬਰ (ਪੋਸਟ ਬਿਊਰੋ)- ਫਲੋਰਿਡਾ ਦੇ ਜੈਕਸਨਵਿਲੇ ਵਿੱਚ ਰਹਿੰਦੀ ਟੋਰੀ ਓਜੇਡਾ ਨਾਂ ਦੀ ਔਰਤ ਇੱਕੋ ਸਮੇਂ ਚਾਰ ਬੁਆਏਫ੍ਰੈਂਡਸ ਨਾਲ ਰਿਲੇਸ਼ਨਸ਼ਿਪਸ ਵਿੱਚ ਰਹਿੰਦੀ ਹੈ। ਉਹ ਇੱਕ ਪਾਰਟਨਰ ਨਾਲ ਪ੍ਰੈਗਨਟ ਹੋ ਗਈ ਹੈ ਅਤੇ ਉਸ ਦਾ ਕਹਿਣਾ ਹੈ ਕਿ ਉਸ ਦੇ ਸਾਰੇ ਬੁਆਏਫ੍ਰੈਂਡ ਉਸ ਨਾਲ ਮਿਲ ਕੇ ਬੱਚੇ ਦੀ ਪਾਲਣਾ ਕਰਨਗੇ।

ਟੋਰੀ ਆਪਣੇ ਤਿੰਨ ਬੁਆਏਫ੍ਰੈਂਡਸ ਨਾਲ ਜੈਕਸਨਵਿਲੇ ਦੇ ਘਰ ਵਿੱਚ ਰਹਿੰਦੀ ਹੈ, ਜਦਕਿ ਚੌਥਾ ਵੱਖਰਾ ਰਹਿੰਦਾ ਹੈ।ਇਨ੍ਹਾਂ ਦੇ ਕੁਝ ਰਿਸ਼ਤੇਦਾਰ ਇਸ ਅਨੋਖੇ ਰਿਸ਼ਤੇ ਨੂੰ ਪਸੰਦ ਨਹੀਂ ਕਰਦੇ ਸਨ, ਪਰ ਟੋਰੀ ਦਾ ਕਹਿਣਾ ਹੈ ਕਿ ਉਸ ਨੇ ਸਾਰਿਆਂ ਨੂੰ ਆਪਣੇ ਪਾਰਟਨਰਸ ਬਾਰੇ ਦੱਸਿਆ ਹੋਇਆ ਹੈ। ਪਹਿਲੇ ਪਾਰਟਨਰ ਮਾਰਕ(18) ਨਾਲ ਉਸਦੀ ਮੁਲਾਕਾਤ ਹਾਈ ਸਕੂਲ ਵਿੱਚ ਹੋਈ ਸੀ, ਉਸਤੋਂ ਦੋ ਮਹੀਨੇ ਬਾਅਦ ਟੈਵਿਸ (23) ਨਾਲ ਵੀ ਉਹ ਔਰਤ ਰਿਲੇਸ਼ਨਸ਼ਿਪ ਵਿੱਚ ਆ ਗਈ। ਫਿਰ ਟੋਰੀ ਏਥਨ (22) ਤੇ ਕ੍ਰਿਸਟੋਫਰ (22) ਦੇ ਸੰਪਰਕ 'ਚ ਆਈ। ਕ੍ਰਿਸਟੋਫਰ ਹੀ ਹੋਣ ਵਾਲੀ ਬੱਚੀ ਦਾ ਪਿਤਾ ਹੈ ਅਤੇ ਟੋਰੀ ਫਰਵਰੀ ਵਿੱਚ ਬੱਚੇ ਨੂੰ ਜਨਮ ਦੇ ਸਕਦੀ ਹੈ। ਮੈਂ ਸੋਚ ਰਹੀ ਹਾਂ, ਅਸੀਂ ਸਾਰੇ ਮਿਲ ਕੇ ਬੱਚੇ ਦੀ ਪਾਲਣਾ ਕਰਾਂਗੇ, ਮਤਲਬ ਕਿ ਸਾਰੇ ਚਾਰ ਜਣੇ ਪਿਤਾ ਹੋਣਗੇ।

# ਫਿਨਲੈਂਡ ਦੀ ਮਾਰਿਨ ਬਣੇਗੀ ਦੁਨੀਆ ਦੀ ਸਭ ਤੋਂ ਯੁਵਾ ਪੀ ਐਮ



ਹੇਲਸਿੰਕੀ, 10 ਦਸੰਬਰ (ਪੋਸਟ ਬਿਊਰੋ)- ਯੂਰਪੀ ਦੇਸ਼ ਫਿਨਲੈਂਡ ਵਿੱਚ 34 ਸਾਲ ਦੀ ਸਨਾ ਮਾਰਿਨ ਨੂੰ ਅਗਲੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਚੁਣ ਲਿਆ ਗਿਆ ਹੈ। ਅਹੁਦਾ ਸੰਭਾਂਲਦੇ ਸਾਰ ਉਹ ਦੁਨੀਆ ਦੀ ਸਭ ਤੋਂ ਛੋਟੀ ਉਮਰ ਦੀ ਪ੍ਰਧਾਨ ਮੰਤਰੀ ਬਣ ਜਾਵੇਗੀ। ਸਨਾ ਗੱਦੀ ਛੱਡ ਰਹੀ ਸਰਕਾਰ ਵਿੱਚ ਟ੍ਰਾਂਸਪੋਰਟ ਅਤੇ ਸੰਚਾਰ ਮੰਤਰੀ ਦਾ ਕੰਮਕਾਜ ਸੰਭਾਲ ਰਹੀ ਹੈ। ਬਤੌਰ ਪ੍ਰਧਾਨ ਮੰਤਰੀ ਉਨ੍ਹਾਂ ਦੇ ਨਾਂ ਨੂੰ ਅਜੇ ਪਾਰਲੀਮੈਂਟ ਤੇ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣਾ ਬਾਕੀ ਹੈ ਪ੍ਰੰਤੂ ਇਸ ਨੂੰ ਕੇਵਲ ਇੱਕ ਰਸਮੀ ਕਾਰਵਾਈ ਮੰਨਿਆ ਜਾ ਰਿਹਾ ਹੈ।

ਇਸ ਦੇਸ਼ ਦੀ ਗੱਠਜੋੜ ਸਰਕਾਰ ਵਿੱਚ ਸ਼ਾਮਲ ਪੰਜ ਪਾਰਟੀਆਂ ਵਿੱਚੋਂ ਇੱਕ ਸੋਸ਼ਲ ਡੈਮੋਕ੍ਰੇਟਿਕ ਪਾਰਟੀ (ਐਸ ਡੀ ਪੀ) ਨਾਲ ਸਬੰਧ ਰੱਖਦੀ ਸਨਾ ਨੇ ਪਾਰਟੀ ਦੇ ਪਾਰਲੀਮੈਂਟਰੀ ਗਰੁੱਪ ਦੇ ਚੇਅਰਮੈਨ ਐਂਟੀ ਲਿੰਡਮੈਨ ਨੂੰ ਇੱਕ ਸਖਤ ਮੁਕਾਬਲੇ ਵਿੱਚ 32-29 ਨਾਲ ਹਰਾਇਆ। ਕੱਲ੍ਹ ਇਸ ਚੋਣ ਨਤੀਜੇ ਦਾ ਐਲਾਨ ਰਾਸ਼ਟਰੀ ਟੈਲੀਵਿਜ਼ਨ 'ਤੇ ਕੀਤਾ ਗਿਆ। ਅਸਲ ਵਿੱਚ ਗੱਠਜੋੜ ਦੀ ਸਹਿਯੋਗੀ ਸੈਂਟਰ ਪਾਰਟੀ ਵੱਲੋਂ ਸਮਰਥਨ ਵਾਪਸ ਲੈਣ ਪਿੱਛੋਂ ਪ੍ਰਧਾਨ ਮੰਤਰੀ ਐਂਟੀ ਰਿਨੇ ਨੂੰ ਅਸਤੀਫਾ ਦੇਣਾ ਪਿਆ ਸੀ, ਪ੍ਰੰਤੂ ਮੌਜੂਦਾ ਗੱਠਜੋੜ ਹੀ ਸੱਤਾ 'ਤੇ ਕਾਬਜ਼ ਰਹੇਗਾ। ਇਸ ਗੱਠਜੋੜ ਵਿੱਚ ਸੋਸ਼ਲ ਡੈਮੋਕ੍ਰੇਟਸ, ਦਾ ਸੈਂਟਰ, ਦ ਗ੍ਰੀਨਸ, ਦ ਲੈਫਟ ਅਲਾਇੰਸ ਤੇ ਸਵੀਡਿਸ਼ ਪੀਪਲਜ਼ ਪਾਰਟੀ ਸ਼ਾਮਲ ਹਨ। ਪਾਰਟੀ ਫੋਰਮ ਵਿੱਚ ਆਪਣੀ ਜਿੱਤ ਪਿੱਛੋਂ ਮਾਰਿਨ ਨੇ ਗੱਠਜੋੜ ਦੀ ਏਕਤਾ 'ਤੇ ਦੁਨੀਆ ਦੇ ਸਭ ਤੋ ਛੋਟੀ ਉਮਰ ਦੇ ਪ੍ਰਧਾਨ ਮੰਤਰੀ ਦਾ ਰਿਕ-ਾਰਡ ਇਸ ਸਮੇਂ ਯੂਕਰੇਨ ਦੇ ਓਲੈਕਸੀ ਹੋਂਚੇਰੁਕ ਦੇ ਨਾਂ ਹੈ। ਓਲੈਕਸੀ 35 ਸਾਲ ਦੀ ਉਮਰ ਵਿੱਚ ਇਸ ਸਾਲ ਅਗਸਤ ਵਿੱਚ ਪ੍ਰਧਾਨ ਮੰਤਰੀ ਬਣੇ ਸਨ। ਜਿਥੋਂ ਤੱਕ ਫਿਨਲੈਂਡ ਦਾ ਗੱਲ ਹੈ ਤਾਂ ਮਾਰਿਨ ਲੰਬੇ ਸਮੇਂ ਤੱਕ ਸੈਂਟਰ ਪਾਰਟੀ ਦੀ ਆਗੂ ਰਹੇ ਐਸਕੋ ਅਹੋ ਨੂੰ ਪਿੱਛੇ ਛੱਡਣ ਜਾ ਰਹੀ ਹੈ। ਅਹੋਂ 1991 ਵਿੱਚ 36 ਸਾਲ ਦੀ ਉਮਰ ਵਿੱਚ ਫਿਨਲੈਂਡ ਦੇ ਪੀ ਐਮ ਬਣੇ ਸਨ।

# ਰੂਸ ਨੂੰ ਝਟਕਾ, ਉਲੰਪਿਕ 2020 ਤੋਂ ਬਾਹਰ ਹੋਣਾ ਪਿਆ

ਮਾਸਕੋ, 10 ਦਸੰਬਰ (ਪੋਸਟ ਬਿਊਰੋ)- ਟੋਕੀਓ ਓਲੰਪਿਕ ਵੱਚ ਸ਼ਾਮਲ ਹੋਣ ਦੀਆਂ ਰੂਸ ਦੀਆਂ ਆਸਾਂ ਖ਼ਤਮ ਹੋ ਗਈਆਂ ਹਨ। ਵਰਲਡ ਐਂਟੀ ਡੋਪਿੰਗ ਏਜੰਸੀ (ਡਬਲਯੂ ਏ ਡੀ ਏ) ਨੇ ਡੋਪਿੰਗ ਦੇ ਦੋਸ਼ ਵਿੱਚ ਰੂਸ 'ਤੇ ਚਾਰ ਸਾਲ ਲਈ ਓਲੰਪਿਕ ਪਾਬੰਦੀ ਲਾਈ ਹੈ। ਵਰਨਣ ਯੋਗ ਹੈ ਕਿ ਰੂਸੀ ਅਥਲੀਟਾਂ 'ਤੇ ਡੋਪਿੰਗ ਦੇ ਦੋਸ਼ ਲੱਗੇ ਸਨ ਅਤੇਇਸ ਦੇ ਨਾਲ ਰੂਸ ਉਤੇ ਅਥਲੀਟਾਂ ਦੇ ਡੋਪਿੰਗ ਸੈਂਪਲਾਂ ਨਾ ਛੇੜਛਾੜ ਦਾ ਵੀ ਦੋਸ਼ ਲੱਗਾ ਸੀ।



ਵਾਡਾ ਨੇ ਕੱਲ੍ਹ ਸਰਬਸੰਮਤੀ ਨਾਲ ਰੂਸ ਨੂੰ ਅੰਤਰਰਾਸ਼ਟਰੀ ਖੇਡਾਂ ਤੋਂ ਪਾਬੰਦੀ ਲਾਉਣ ਦਾ ਫੈਸਲਾ ਲਿਆ ਹੈ। ਇਸ ਵਿੱਚ ਅਗਲੇ ਸਾਲ ਟੋਕਿਓ ਓਲੰਪਿਕ ਸ਼ਾਮਲ ਹੈ। ਇਹ ਅੱਜ ਤੱਕ ਦੀ ਸਭ ਤੋਂ ਵੱਡੀ ਸਜ਼ਾ ਕਹੀ ਜਾ ਸਕਦੀ ਹੈ।ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ) ਦੇ ਬੋਰਡ ਨੇ ਕੱਲ੍ਹ ਸਵਿਟਜ਼ਲੈਂਡ ਦੇ ਲੌਸਾਨੇ ਵਿਖੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਹੈਡਕੁਆਰਟਰ ਨੇੜੇ ਇੱਕ ਵਿਸ਼ੇਸ਼ ਬੈਠਕ ਕਰਕੇ ਫੈਸਲਾ ਲਿਆ। ਰੂਸੀ ਝੰਡਾ ਅਤੇ ਰਾਸ਼ਟਰੀ ਗਾਨ ਟੋਕਿਓ ਓਲੰਪਿਕ ਅਤੇ 2022 ਫੁਟਬਾਲ ਵਿਸ਼ਵ ਕੱਪ ਵਿੱਚ ਨਜ਼ਰ ਨਹੀਂ ਆਏਗਾ, ਪਰ ਜਿਹੜੇ ਖਿਡਾਰੀ ਡੋਪਿੰਗ ਮਾਮਲੇ ਵਿੱਚ ਸ਼ਾਮਲ ਨਹੀਂ ਹਨ ਉਹ ਮੁਕਾਬਲੇ ਵਿੱਚ ਹਿੱਸਾ ਲੈਂਦਾ ਹੈ ਤਾਂ ਉਹ ਨਿਰਪੱਖ ਝੰਡੇ ਹੇਠ ਸ਼ਾਮਲ ਹੋ ਸਕਦੇ ਹਨ।

# ਪੋਰਨ ਦੇਖਣ ਦੀ ਆਦਤ ਨਾਲ ਸੈਕਸ ਲਾਈਫ ਨੂੰ ਖਤਰਾ

ਲੰਡਨ, 10 ਦਸੰਬਰ (ਪੋਸਟ ਬਿਊਰੋ)- ਜਿਸ ਕਿਸੇ ਨੂੰ ਲੱਗਦਾ ਹੈ ਕਿ ਪੋਰਨ ਦੇਖਣ ਨਾਲ ਸੈਕਸ ਸੰਤੁਸ਼ਟੀ ਮਿਲਦੀ ਹੈ ਤਾਂ ਉਹ ਗਲਤ ਹੈ। ਖੋਜਕਾਰਾਂ ਨੇ ਦੇਖਿਆ ਕਿ ਪੋਰਨ ਦੇਖਣ ਦੀ ਆਦਤ ਨਾਲ ਦਿਮਾਗ ਦਾ ਇੱਕ ਜ਼ਰੂਰੀ ਹਿੱਸਾ ਨਸ਼ਟ ਹੋ ਜਾਂਦਾ ਹੈ। ਇਸ ਕਾਰਨ ਬਾਲਗ ਵਿਅਕਤੀ ਨਾਬਾਲਗ ਵਰਗੀ ਦਿਮਾਗੀ ਹਾਲਤ 'ਚ ਪਹੁੰਚ ਜਾਂਦਾ ਹੈ। ਇੱਕ ਸਟੱਡੀ ਵਿੱਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਜੇ ਲੋਕ ਜ਼ਿਆਦਾ ਅਡਲਟ ਕੰਟੈਂਟ ਦੇਖਦੇ ਹਨ, ਉਨ੍ਹਾਂ ਦੇ ਪ੍ਰੀਫੰਟਰਲ ਕਾਰਟਿਕਸ ਨੂੰ ਨੁਕਸਾਨ ਪਹੁੰਚਦਾ ਹੈ, ਦਿਮਾਗ ਦਾ ਇਹ ਹਿੱਸਾ ਅੰਦਰ ਨੈਤਿਕਤਾ, ਇੱਛਾ ਸ਼ਕਤੀ ਅਤੇ ਕਿਸੇ ਅਸ਼ੁੱਭ ਹਾਲਤ 'ਚ ਉਸ ਵਿਅਕਤੀ ਦਾ ਵਿਹਾਰ ਤੈਅ ਕਰਦਾ ਹੈ।ਇੱਕ ਰਿਪੋਰਟ ਮੁਤਾਬਕ ਕੈਨੇਡਾ ਦੇ ਯੂਨੀਵਰਸ ਲਾਵਲ ਦੇ ਖੋਜਕਾਰ ਰਾਹੇਲ ਐਨੀ ਬਰੇ ਮੁਤਾਬਕ ਇਹ ਖੇਤਰ ਬੱਚਿਆਂ 'ਚ ਅਵਿਕਸਤ ਹੁੰਦਾ ਹੈ। ਬੱਚਿਆਂ ਨੂੰ ਆਪਣਾ ਵਿਹਾਰ ਕੰਟਰੋਲ ਕਰਨ 'ਚ ਪ੍ਰੇਸ਼ਾਨੀ ਹੁੰਦੀ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਪੋਰਨ ਦੇਖਣ ਵਾਲਿਆਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਵਿਵਹਾਰ ਨੂੰ ਕੰਟਰੋਲ ਕਰਨ ਨਾਲ ਸਮੱਸਿਆ ਹੁੰਦੀ ਹੈ, ਜਿਸ ਕਾਰਨਬੱਚੇ ਜ਼ਿਆਦਾਤਰ ਗੁੱਸੇ 'ਚ ਆਪਣੇ ਵਿਹਾਰ ਅਤੇ ਫੈਸਲਿਆਂ 'ਤੇ ਕੰਟਰੋਲ ਨਹੀਂ ਰੱਖ ਸਕਦੇ।ਬਾਰੇ ਵੱਲੋਂ ਕੀਤੇ ਅਧਿਐਨ ਦਾ ਨਤੀਜਾ ਪੋਰਨ ਬਾਰੇ ਆਮ ਧਾਰਨਾ ਦੇ ਉਲਟ ਹੈ। ਆਮ ਧਾਰਨਾ ਇਹ ਹੈ ਕਿ ਪੋਰਨ ਦੇਖਣ ਨਾਲ ਸੈਕਸ ਸੰਤੁਸ਼ਟੀ ਮਿਲਦੀ ਹੈ, ਪਰ ਇਹ ਬਿਲਕੁਲ ਨਹੀਂ ਹੈ।


FIRST CHOICE FINANCIAL LIMITED

TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


# ਉੱਡਦੇ ਜਹਾਜ਼ ਦੌਰਾਨ ਮਹਿਲਾ ਦੀ ਪੈਂਟ ਵਿੱਚੋਂ ਠੂੰਹਾਂ ਨਿਕਲਣ ਨਾਲ ਭਾਜੜ ਮੱਚੀ!

ਵਾਸ਼ਿੰਟਟਨ, 10 ਦਸੰਬਰ (ਪੋਸਟ ਬਿਊਰੋ)- ਯੂਨਾਈਟਡ ਏਅਰਲਾਈਨਸ ਦੀ ਸਾਨ ਫ੍ਰਾਂਸਿਸਕੋ ਤੋਂ ਅਲਟਾਂਟਾ ਜਾਣ ਵਾਲੀ ਉਡਾਣ ਵਿਚਵੀਰਵਾਰ ਸਵੇਰੇ ਮਹਿਲਾ ਦੀ ਪੈਂਟ ਵਿੱਚੋਂ ਬਿੱਛੂ ਨਿਕਲਣ ਦੀ ਘਟਨਾ ਸਾਹਮਣੇ ਆਈ ਹੈ। ਔਰਤ ਨੂੰ ਅਚਾਨਕ ਪੈਰ ਵਿਚ ਕੁੱਝ ਚੁਭਣ ਮਹਿਸੂਸ ਹੋਈ। ਉਸ ਨੂੰ ਪੈਰ ਵਿਚ ਕਈ ਵਾਰ ਅਜਿਹਾ ਲੱਗਿਆ ਜਿਵੇਂ ਕੁੱਝ ਚੁਭ ਰਿਹਾ ਹੋਵੇ। ਉਸ ਨੇ ਰੈਸਟ ਰੂਮ ਵਿਚ ਜਾ ਕੇ ਚੈੱਕ ਕੀਤਾ ਤਾਂ ਉਸਦੀ ਪੈਂਟ ਵਿਚੋਂ ਬਿੱਛੂ ਨਿਕਲਿਆ। ਫਲਾਈਟ ਲੈਂਡ ਹੁੰਦੇ ਸਾਰ ਉਸ ਨੂੰ ਪੈਰਾ ਮੈਡੀਕਲ ਨੂੰ ਦਿਖਾਇਆ ਗਿਆ ਤੇ ਇਕ ਨਜਦੀਕੀ ਹਸਪਤਾਲ ਟ੍ਰਾਂਸਫਰ ਕੀਤਾ ਗਿਆ। ਕਰੂਅ ਮੈਂਬਰਾਂ ਦੀ ਮਦਦ ਨਾਲ ਉਸ ਨੂੰ ਪੈਰਾ ਮੈਡੀਕਲ ਟੀਮ ਕੋਲ ਪਹੁੰਚਾਇਆ ਗਿਆ।



ਏਅਰਲਾਈਨ ਦੇ ਅਧਿਕਾਰੀ ਨੇ ਦੱਸਿਆ ਹੈ ਕਿ ਅਟਲਾਂਟਾ ਵਿਚ ਜਹਾਜ ਦੇ ਉਤਰਨ ਪਿੱਛੋਂ ਹਵਾਈ ਜਹਾਜ ਵਿਚ ਮੈਡੀਕਲ ਕਰਮਚਾਰੀ ਆਏ ਤੇ ਉਸ ਔਰਤ ਨੂੰ ਨਜਦੀਕੀ ਹਸਪਤਾਲ ਲਿਜਾਇਆ ਗਿਆ। ਮਹਿਲਾ ਦੀ ਸਿਹਤ ਦੇ ਬਾਰੇ ਪੂਰੀ ਜਾਣਕਾਰੀ ਲਈ ਅਸੀਂ ਉਨ੍ਹਾਂ ਦੇ ਸੰਪਰਕ ਵਿਚ ਹਾਂ। ਦੱਸਿਆ ਗਿਆ ਹੈ ਕਿ ਉਹ ਕਾਫ਼ੀ ਠੀਕ ਹੈ।

ਇਸ ਤਰ੍ਹਾ ਦੀ ਇਕ ਘਟਨਾ 2017 ਵਿਚ ਹੋਈ ਸੀ, ਜਦੋਂ ਇਕ ਕੈਨੇਡੀਅਨ ਵਿਅਕਤੀ ਨੇ ਇਹ ਦੱਸਿਆ ਸੀ ਕਿ ਯੂਨਾਈਟਿਡ ਏਅਰਲਾਈਨ ਦੀ ਉਡਾਣ ਵਿੱਚ ਉਸ ਨੂੰ ਬਿੱਛੂ ਨੇ ਕੱਟ ਲਿਆ ਹੈ। ਇਸ ਤੋਂ ਪਹਿਲਾਂ ਫਲਾਈਟ ਵਿਚ ਜ਼ਹਿਰੀਲੇ ਸੱਪ ਮਿਲਣ ਦੀ ਘਟਨਾ ਵੀ ਵਾਪਰੀ ਸੀ। ਕੁਆਲਾਲਪੁਰ ਦੇ ਏਅਰਪੋਰਟ ਤੋਂ ਦੋ ਯਾਤਰੀਆਂ ਦੇ ਬੈਗ ਵਿਚੋਂ ਜਿੰਦਾ ਅਜਗਰ ਦੇ ਨਾਲ ਵੱਖ-ਵੱਖ ਕਿਸਮਾ ਦੀ ਜ਼ਹਿਰੀਲੀ ਛਿਪਕਲੀਆਂ ਮਿਲੀਆਂ ਸਨ। ਇਸ ਤੋਂ ਬਾਅਦ ਓਥੇ ਖਲਬਲੀ ਮੱਚ ਗਈ ਸੀ।

# 2009 ਦੇ ਹਮਲੇ ਪਿੱਛੋਂ ਸ੍ਰੀਲੰਕਾ ਕ੍ਰਿਕਟ ਟੀਮ ਪਹਿਲੀ ਵਾਰ ਪਾਕਿ ਵਿੱਚ ਖੇਡਣ ਗਈ

ਰਾਵਲਪਿੰਡੀ, 10 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ 'ਚ ਸਾਲ 2009 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਹਿਲੀ ਟੈਸਟ ਲੜੀ ਖੇਡਣ ਲਈ ਸ੍ਰੀਲੰਕਾ ਕ੍ਰਿਕਟ ਟੀਮ ਇਸਲਾਮਾਬਾਦ ਪਹੁੰਚੀ ਹੈ।




ਇਸ ਸੰਬੰਧ ਵਿੱਚ ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਦੇ ਮੁੱਖ ਕਾਰਜਕਾਰੀ ਵਸੀਮ ਖਾਨ ਨੇ ਦੱਸਿਆ ਕਿ ਸ੍ਰੀਲੰਕਾਈ ਟੀਮ ਦਾ ਆਗਮਨ ਇਤਿਹਾਸਕ ਮੌਕਾ ਹੈ ਤੇ ਸਾਨੂੰ ਖੁਸ਼ੀ ਹੈ ਕਿ ਅਸੀਂ ਦੋ ਮੈਚਾਂ ਦੀ ਇਹ ਟੈਸਟ ਲੜੀ ਕਰਵਾਰਹੇ ਹਾਂ। ਪੀ ਸੀ ਬੀ ਨੇ ਇੱਕ ਵੀਡੀਓ ਟਵੀਟ ਕੀਤਾ ਹੈ, ਜਿਸ 'ਚ ਸ੍ਰੀਲੰਕਾਈ ਟੀਮ ਨੂੰ ਇਸਲਾਮਾਬਾਦ 'ਚ ਉਤਰਦਿਆਂ ਤੇ ਸੁਰੱਖਿਆ ਬਲਾਂ ਦੇ ਘੇਰੇ 'ਚ ਉਨ੍ਹਾਂ ਨੂੰ ਨਿਕਲਦੇ ਦਿਖਾਇਆ ਗਿਆ ਹੈ। ਪਾਕਿਸਤਾਨ ਦੀ ਮੇਜ਼ਬਾਨੀ 'ਚ ਇੱਕ ਦਹਾਕੇ ਤੋਂ ਬਾਅਦ ਕੋਈ ਟੈਸਟ ਮੈਚ ਖੇਡਿਆ ਜਾਣਾ ਹੈ। ਸਾਲ 2009 'ਚ ਸ੍ਰੀਲੰਕਾ ਦੀ ਟੀਮ ਉਤੇ ਲਾਹੌਰ 'ਚ ਅੱਤਵਾਦੀ ਹਮਲਾ ਹੋਣ ਤੋਂ ਬਾਅਦ ਇਸ ਦੇਸ਼ 'ਚ ਅੰਤਰਰਾਸ਼ਟਰੀ ਕ੍ਰਿਕਟ ਦੇ ਰਸਤੇ ਬੰਦ ਹੋ ਗਏ ਸਨ। ਇਸ ਦੌਰੇ ਰਾਹੀਂ ਪਾਕਿ-ਸਤਾਨ 'ਚ ਟੈਸਟ ਕ੍ਰਿਕਟ ਦੀ ਬਹਾਲੀ ਹੋਵੇਗੀ। ਸਾਲ 2009 ਦੇ ਅੱਤਵਾਦੀ ਹਮਲੇ 'ਚ ਲਾਹੌਰ 'ਚ ਅੱਠ ਲੋਕ ਮਾਰੇ ਗਏ ਸਨ ਤੇ ਕਈ ਕ੍ਰਿਕਟਰ ਜ਼ਖਮੀ ਹੋ ਗਏ ਸਨ। ਉਸ ਤੋਂ ਬਾਅਦ ਤੋਂ ਪਾਕਿਸਤਾਨੀ ਟੀਮ ਆਪਣੇ ਸਾਰੇ ਮੈਚ ਯੂ ਏ ਈ ਵਿੱਚ ਖੇਡ ਰਹੀ ਹੈ। ਟੈਸਟ ਮੈਚ ਦੇ ਲਈ ਪਹਿਲੀ ਵਾਰ ਕੋਈ ਟੀਮ ਪਿਛਲੇ 10 ਸਾਲ 'ਚ ਪਾਕਿਸਤਾਨ ਆਈ ਹੈ।

# ਅਣਅਧਿਕਾਰਤ ਮੰਤਰੀਆਂ ਨੂੰ ਦਿੱਤੀਆਂ ਸਹੂਲਤਾਂ ਨਾਲ ਕਰੋੜਾਂ ਦਾ ਵਿੱਤੀ ਬੋਝ ਪੈ ਰਿਹੈ




ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਛੇ ਵਿਧਾਇਕਾਂ ਦੀ ਮੰਤਰੀ ਦਰਜੇ ਵਜੋਂ ਕੀਤੀ ਨਿਯੁਕਤੀ ਨੂੰ ਹਾਈ ਕੋਰਟ 'ਚ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੱਲ੍ਹ ਚੀਫ਼ ਜਸਟਿਸ ਆਰ ਐਸ ਝਾਅ ਅਤੇ ਜਸਟਿਸ ਰਾਜੀਵ ਸ਼ਰਮਾ ਦੀ ਬੈਂਚ ਮੂਹਰੇ ਪਟੀਸ਼ਨਰ ਐਡਵੋਕੇਟ ਜੇ ਐਸ ਭੱਟੀ ਨੇ ਪੰਜਾਬ ਦੀ ਵਿੱਤੀ ਹਾਲਤ ਬਿਆਨ ਦੱਸ ਕੇ ਕਿਹਾ ਕਿ ਸਰਕਾਰ ਕੋਲ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਲਈ ਪੈਸਾ ਨਹੀਂ, ਪਰ ਅਣਅਧਿਕਾਰਤ ਮੰਤਰੀਆਂ ਲਈ ਸਹੂਲਤਾਂ ਨਾਲ ਸਰਕਾਰ 'ਤੇ ਕਰੋੜਾਂ ਰੁਪਏ ਦਾ ਵਾਧੂ ਵਿੱਤੀ ਬੋਝ ਪੈ ਰਿਹਾ ਹੈ। ਅਸਲ ਵਿੱਚ ਭੱਟੀ ਨੇ ਇਹ ਤੱਥ ਉਸ ਵੇਲੇ ਪੇਸ਼ ਕੀਤਾ, ਜਦੋਂ ਬੈਂਚ ਨੇ ਪੁੱਛਿਆ ਕਿ ਛੇ ਵਿਧਾਇਕਾਂ ਨੂੰ ਮੰਤਰੀ ਦਾ ਦਰਜਾ ਨਹੀਂ ਦਿੱਤਾ ਗਿਆ, ਤਾਂ ਕੀ ਫਰਕ ਪੈਂਦਾ ਹੈ। ਭੱਟੀ ਨੇ ਕਿਹਾ ਕਿ ਭਾਵੇਂ ਇਨ੍ਹਾਂ ਛੇ ਵਿਧਾਇਕਾਂ ਨੂੰ ਸਲਾਹਕਾਰ ਬਣਾਇਆ ਗਿਆ, ਪਰ ਸਹੂਲਤਾਂ ਮੰਤਰੀਆਂ ਵਾਲੀਆਂ ਦਿੱਤੀਆਂ ਹਨ, ਜਿਸ ਨਾਲ ਵਾਧੂ ਬੋਝ ਪੈ ਰਿਹਾ ਹੈ। ਅਦਾਲਤ ਨੇ ਕੇਸ ਦੀ ਸੁਣਵਾਈ ਪੰਜ ਫਰਵਰੀ 'ਤੇ ਪਾ ਦਿੱਤੀ ਹੈ। ਪੰਜਾਬ ਮੰਤਰੀ ਮੰਡਲ ਵਿੱਚ ਵਾਧੇ ਨੂੰ ਤੈਅ ਗਿਣਤੀ ਤੋਂ ਵੱਧ ਮੰਤਰੀ ਬਣਾਉਣ ਦੀ ਕਾਰਵਾਈ ਕਰਾਰ ਦੇ ਕੇ ਇਹ ਵਾਧਾ ਰੱਦ ਕਰਨ ਦੀ ਮੰਗ ਬਾਰੇ ਪਹਿਲਾਂ ਵੀ ਪਟੀਸ਼ਨਾਂ ਚੱਲ ਰਹੀਆਂ ਹਨ।

# ਜਗਤਾਰ ਸਿੰਘ ਹਵਾਰਾ ਬੰਬ ਧਮਾਕਾ ਕੇਸ ਵਿੱਚੋਂ ਬਰੀ



ਲੁਧਿਆਣਾ, 10 ਦਸੰਬਰ (ਪੋਸਟ ਬਿਊਰੋ)- ਲੁਧਿਆਣਾ ਦੇ ਘੰਟਾ ਘਰ ਚੌਕ ਬੰਬ ਧਮਾਕੇ ਮਾਮਲੇ 'ਚ 24 ਸਾਲ ਬਾਅਦ ਅਦਾਲਤ ਨੇ ਕੱਲ੍ਹ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ। ਇਸ ਮਾਮਲੇ 'ਚ ਪੁਲਸ ਨੇ ਛੇ ਲੋਕਾਂ ਨੂੰ ਨਾਮਜ਼ਦ ਕੀਤਾ ਸੀ। ਇੱਕ ਮੁਲਜ਼ਮ 2003 ਵਿੱਚ ਬਰੀ ਹੋ ਚੁੱਕਾ ਹੈ ਜਦ ਕਿ ਪਰਮਜੀਤ ਸਿੰਘ ਭਿਓਰਾ 'ਤੇ ਦੋਸ਼ ਤੈਅ ਨਹੀਂ ਸਨ ਹੋ ਸਕੇ। ਦੋ ਮੁਲਜ਼ਮਾਂ ਬਲਜਿੰਦਰ ਸਿੰਘ ਤੇ ਪ੍ਰੀਤਮ ਸਿੰਘ ਨੂੰ ਅਦਾਲਤ ਨੇ ਭਗੌੜਾ ਐਲਾਨ ਦਿੱਤਾ ਸੀ।

ਮਿਲੀ ਜਾਣਕਾਰੀ ਅਨੁਸਾਰ 6 ਦਸੰਬਰ 1995 ਨੂੰ ਘੰਟਾ ਘਰ ਚੌਕ 'ਚ ਬੰਬ ਧਮਾਕਾ ਹੋਇਆ ਸੀ ਜਿਸ ਵਿੱਚ ਕੁਝ ਹਾਕਰ ਜ਼ਖਮੀ ਹੋ ਗਏ ਸਨ। ਥਾਣਾ ਕੋਤਵਾਲੀ ਪੁਲਸ ਨੇ ਇਸ ਮਾਮਲੇ 'ਚ 11 ਦਸੰਬਰ 1995 ਨੂੰ ਪੰਜ ਲੋਕਾਂ ਨੂੰ ਨਾਮਜ਼ਦ ਕੀਤਾ ਸੀ। ਜਗਤਾਰ ਸਿੰਘ ਹਵਾਰਾ ਦੇ ਵਕੀਲ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਸ ਕੇਸ ਵਿੱਚ ਜਗਤਾਰ ਸਿੰਘ ਹਵਾਰਾ, ਬਿਕਰਮਜੀਤ ਸਿੰਘ, ਪਰਮਜੀਤ ਸਿੰਘ, ਬਲਜਿੰਦਰ ਸਿੰਘ ਅਤੇ ਪ੍ਰੀਤਮ ਸਿੰਘ ਨੂੰ ਨਾਮਜ਼ਦ ਕੀਤਾ ਸੀ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਦਾ ਨਾਂ ਆਉਣ ਮਗਰੋਂ ਕੇਸ ਬੰਦ ਹੋ ਗਿਆ ਸੀ ਜੋ 26 ਜੂਨ 2015 ਨੂੰ ਦੁਬਾਰਾ ਸ਼ੁਰੂ ਹੋਇਆ। ਮਈ 2017 ਵਿੱਚ ਹਵਾਰਾ 'ਤੇ ਦੋਸ਼ ਲਗਾਏ ਅਤੇ ਇਸ ਮਾਮਲੇ 'ਚ 23 ਲੋਕਾਂ ਦੀ ਗਵਾਹੀ ਹੋਈ ਪਰ ਪੁਖਤਾ ਸਬੂਤ ਨਾ ਹੋਣ ਕਾਰਨ ਅਦਾਲਤ ਨੇ ਕੱਲ੍ਹ ਹਵਾਰਾ ਨੂੰ ਬਰੀ ਕਰ ਦਿੱਤਾ।

# ਅਨੰਦ ਕੁਮਾਰ ਅਮਰੀਕਾ ਵਿੱਚ ਭਾਰਤ ਗਣਤੰਤਰ ਦਿਵਸ ਸਮਾਗਮ ਦੀ ਮੁੱਖ ਖਿੱਚ ਹੋਣਗੇ

ਵਾਸ਼ਿੰਗਟਨ, 10 ਦਸੰਬਰ (ਪੋਸਟ ਬਿਊਰੋ)- 'ਸੁਪਰ 30' ਦੇ ਮੋਢੀ ਤੇ ਪ੍ਰਸਿੱਧ ਮੈਥ ਮਾਹਰ ਅਨੰਦ ਕੁਮਾਰ ਨੂੰ ਨਿਊਯਾਰਕ 'ਚ ਜਨਵਰੀ 'ਚ ਹੋਣ ਵਾਲੇ ਭਾਰਤ ਦੇ ਗਣਤੰਤਰ ਦਿਵਸ ਸਮਾਗਮ ਦਾ ਸੱਦਾ ਦਿੱਤਾ ਗਿਆ ਹੈ। ਇਹ ਸਮਾਗਮ ਫੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨ (ਐਫ ਆਈ ਏ) ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾਣਾ ਹੈ, ਜਿਸ ਦੇ 2020 ਵਿੱਚ 50 ਸਾਲ ਵੀ ਪੂਰੇ ਹੋਣ ਜਾ ਰਹੇ ਹਨ।

ਐਫ ਆਈ ਏ ਦੇ ਪ੍ਰਧਾਨ ਅਲੋਕ ਕੁਮਾਰ ਨੇ ਕਿਹਾ ਕਿ ਅਨੰਦ ਕੁਮਾਰ ਸਿੱਖਿਆ ਦੇ ਖੇਤਰ 'ਚ ਬੇਮਿਸਾਲ ਕੰਮ ਕਰ ਰਹੇ ਹਨ, ਜਿਸ ਦੀ ਚਰਚਾ ਅੱਜ ਵਿਸ਼ਵ 'ਚ ਹੋ ਰਹੀ ਹੈ, ਜਿਸ 'ਤੇ ਹਰ ਭਾਰਤੀ ਨੂੰ ਮਾਣ ਮਹਿਸੂਸ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕ ਅਨੰਦ ਕੁਮਾਰ ਨੂੰ ਮਿਲਣਾ ਚਾਹੁੰਦੇ ਹਨ ਤੇ ਅਸੀਂ ਉਸ ਨੂੰ ਇਥੇ ਸੱਦ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਵਰਨਣ ਯੋਗ ਹੈ ਕਿ ਅਨੰਦ ਕੁਮਾਰ 'ਸੁਪਰ 30' ਨਾਂਅ ਦੀ ਸੰਸਥਾ ਚਲਾਉਂਦੇ ਹਨ, ਜਿਹੜੀ ਸਮਾਜ ਦੇ ਗਰੀਬ ਤੇ ਪਛੜੇ ਵਰਗ ਦੇ 30 ਵਿਦਿਆਰਥੀਆਂ ਨੂੰ ਆਈ ਆਈ ਟੀ ਵਰਗੀ ਵੱਕਾਰੀ ਪ੍ਰੀਖਿਆ ਲਈ ਮੁਫ਼ਤ ਤਿਆਰੀ ਕਰਵਾ ਰਹੀ ਹੈ। ਅਦਾਕਾਰ ਰਿਤਿਕ ਰੌਸ਼ਨ ਦੀ ਇਸ ਸਾਲ ਜੁਲਾਈ 'ਚ ਆਈ ਫਿਲਮ 'ਸੁਪਰ 30' ਵੀ ਵਿੱਚ ਅਨੰਦ ਕੁਮਾਰ ਦੀ ਜ਼ਿੰਦਗੀ, ਸੰਘਰਸ਼ ਤੇ ਪ੍ਰਾਪਤੀਆਂ 'ਤੇ ਆਧਾਰਿਤ ਸੀ।

## ਸਬਰੀਮਾਲਾ ਵਿੱਚ ਜਾਣ ਦੀ ਔਰਤਾਂ ਨੂੰ ਆਗਿਆ ਦੇਣ ਦਾ ਫੈਸਲਾ ਅੰਤਿਮ ਨਹੀਂ : ਸੁਪਰੀਮ ਕੋਰਟ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੇਰਲ ਦੇ ਸਬਰੀਮਾਲਾ ਆਯੱਪਾ ਮੰਦਰ ਵਿੱਚ ਹਰ ਉਮਰ ਵਰਗ ਦੀਆਂ ਔਰਤਾਂ ਨੂੰ ਦਾਖਲ ਹੋਣ ਦੀ ਆਗਿਆ ਦੇਣ ਵਾਲਾ ਉਸ ਦਾ ਫੈਸਲਾ ਅੰਤਿਮ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਨੂੰ ਵੱਡੀ ਬੈਂਚ ਨੂੰ ਭੇਜਿਆ ਗਿਆ ਹੈ।

ਮਹਿਲਾ ਸ਼ਰਧਾਲੂ ਬਿੰਦੂ ਆਮਿਨੀ ਵੱਲੋਂ ਪੇਸ਼ ਹੋਈ ਸੀਨੀਅਰ ਵਕੀਲ ਇੰਦਰਾ ਜੈਸਿੰਘ ਦੀਆਂ ਦਲੀਲਾਂ ਸੁਣਨ ਦੇ ਬਾਅਦ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ ਹੈ। ਵਕੀਲ ਨੇ ਦੋਸ਼ ਲਾਇਆ ਕਿ ਕੋਰਟ ਦੇ ਸਾਲ 2018 ਦੇ ਫੈਸਲੇ ਦੀ ਉਲੰਘਣਾ ਹੋ ਰਹੀ ਹੈ ਅਤੇ ਮੰਦਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਦੇ ਦੌਰਾਨ ਉਨ੍ਹਾਂ ਦੀ ਕਲਾਈਂਟ ਉੱਤੇ ਹਮਲਾ ਕੀਤਾ ਗਿਆ ਹੈ। ਕੋਰਟ ਬਿੰਦੂ ਦੀ ਅਰਜ਼ੀ ਸਮੇਤ ਇਸ ਤਰ੍ਹਾਂ ਦੀਆਂ ਕਈ ਅਰਜ਼ੀਆਂ 'ਤੇ ਅਗਲੇ ਹਫਤੇ ਸੁਣਵਾਈ ਕਰਨ ਲਈ ਤਿਆਰ ਹੈ। ਫਾਤਿਮਾ ਨਾਂਅ ਦੀ ਇੱਕ ਹੋਰ ਮਹਿਲਾ ਵੀ ਇਸੇ ਤਰ੍ਹਾਂ ਦੀ ਬੇਨਤੀ ਲਈ ਸੁਪਰੀਮ ਕੋਰਟ ਪਹੁੰਚੀ ਸੀ। ਚੀਫ ਜਸਟਿਸ ਐੱਸ ਏ ਬੋਬਡੇ ਦੀ ਅਗਵਾਈ ਵਾਲੀ ਬੈਂਚ ਨੇ ਸੁਪਰੀਮ ਕਰੋਟ ਦੇ ਤਾਜ਼ਾ ਫੈਸਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 2018 ਦਾ ਫੈਸਲਾ ਆਖਰੀ ਨਹੀਂ, ਕਿਉਂਕਿ ਇਹ ਮੁੱਦਾ ਸੱਤ ਜੱਜਾਂ ਦੀ ਬੈਂਚ ਕੋਲ ਵਿਚਾਰ ਲਈ ਭੇਜਿਆ ਗਿਆ ਹੈ।

## ਈ ਡੀ ਵੱਲੋਂ ਸਹਾਇਕ ਮੈਨੇਜਰ ਪ੍ਰਦੀਪ ਸੈਣੀ ਦੀ ਪ੍ਰਾਪਰਟੀ ਜ਼ਬਤ ਕਰਨ ਦਾ ਨੋਟਿਸ ਜਾਰੀ

ਅੰਮ੍ਰਿਤਸਰ, 10 ਦਸੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਏਅਰਪੋਰਟ ਅੰਮ੍ਰਿਤਸਰ ਦੇ ਰਨਵੇ ਉਤੇ ਸੋਨੇ ਦੀ ਖੇਪ ਨਾਲ ਰੰਗੇ ਹੱਥੀਂ ਫੜੇਗਏ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਸਾਬਕਾ ਅਸਿਸਟੈਂਟ ਮੈਨੇਜਰ ਪ੍ਰਦੀਪ ਸੈਣੀ ਦੀ ਪ੍ਰਾਪਰਟੀ ਜ਼ਬਤ ਕੀਤੀ ਜਾ ਰਹੀ ਹੈ। ਈ ਡੀ (ਇਨਫੋਰਸਮੈਂਟ ਡਾਇਰੈਕੋਟਰੇਟ) ਨੇ ਕਸਟਮ ਵਿਭਾਗ ਦੇ ਰਾਹੀਂ ਪ੍ਰਦੀਪ ਸੈਣੀ ਨੂੰ ਉਸ ਦੀ ਪ੍ਰਾਪਰਟੀ ਜ਼ਬਤ ਕਰਨ ਲਈ ਨੋਟਿਸ ਭੇਜ ਦਿੱਤਾ ਹੈ। ਪ੍ਰਦੀਪ ਸੈਣੀ ਨੇ ਏਅਰਪੋਰਟ ਦੇ ਬਾਹਰ ਅਜਨਾਲਾ ਰੋਡ 'ਤੇ ਹੋਟਲ ਬਣਾ ਰੱਖਿਆ ਹੈ, ਉਸ ਦੇ ਕਈ ਆਲੀਸ਼ਾਨ ਮਕਾਨ ਵੀ ਹਨ। ਇਸ ਦੇ ਇਲਾਵਾ ਹੁਸ਼ਿਆਰਪੁਰ ਵਿੱਚ ਉਸ ਦੀ ਜ਼ਮੀਨ ਹੈ, ਜਿਸ ਨੂੰ ਸਰਕਾਰ ਜ਼ਬਤ ਕਰਨ ਲੱਗੀ ਹੈ। ਰਾਜਾਸਾਂਸੀ ਏਅਰਪੋਰਟ 'ਤੇ ਸੈਣੀ ਦੀ ਗ੍ਰਿਫਤਾਰੀ ਕਰਨ ਪਿੱਛੋਂ ਕਸਟਮ ਵਿਭਾਗ ਨੇ ਆਪਣਾ ਸਭ ਤੋਂ ਖਤਰਨਾਕ ਕਾਨੂੰਨ ਕੋਫੇਪੋਸਾ (ਦਿ ਕਨਜ਼ਰਵੇਸ਼ਨ ਆਫ ਫੌਰੇਨ ਐਕਸਚੇਂਸ ਐਂਡ ਪਰੀਵੈਂਸ਼ਨ ਆਫ ਸਮੱਗਲਿੰਗ ਐਕਟਿਵਿਟੀ ਐਕਟ 1974) ਲਾ ਦਿੱਤਾ ਸੀ, ਜਿਸ ਕਾਰਨ ਸੈਣੀ ਦੀ ਜ਼ਮਾਨਤ ਵੀ ਨਹੀਂ ਹੋ ਸਕਦੀ ਤੇ ਉਸ ਨੂੰ ਜੇਲ 'ਚ ਰਹਿਣਾ ਪੈ ਰਿਹਾ ਹੈ। ਕੋਫੀਪੋਸਾ ਲਾਉਣ ਪਿੱਛੋਂ ਕਸਟਮ ਵਿਭਾਗ ਨੇ ਕੇਂਦਰ ਸਰਕਾਰ ਨੂੰ ਸੈਣੀ ਦੀ ਪ੍ਰਾਪਰਟੀ ਜ਼ਬਤ ਕਰਨ ਦੀ ਲਿਖਤੀ ਸਿਫਾਰਿਸ਼ ਕੀਤੀ ਸੀ, ਜਿਸ ਨੂੰ ਸਰਕਾਰ ਨੇ ਮਨਜ਼ੂਰ ਕਰ ਲਿਆ। ਇਸ ਕੇਸ 'ਚ ਉਸ ਦਾ ਪੁੱਤਰ ਵਿਦੇਸ਼ ਭੇਜ ਚੁੱਕਿਆ ਹੈ ਅਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਕਸਟਮ ਵਿਭਾਗ ਕਾਫੀ ਕੋਸ਼ਿਸ਼ਾਂ ਕਰ ਰਿਹਾ ਹੈ।

# ਦੱਖਣੀ ਅਫਰੀਕਾ ਦੀ ਜ਼ੋਜ਼ੀਬਿਨੀ ਟੂੰਜ਼ੀ ਬਣੀ ਮਿਸ ਯੂਨੀਵਰਸ



ਐਟਲਾਂਟਾ, 10 ਦਸੰਬਰ (ਪੋਸਟ ਬਿਊਰੋ)- ਦੱਖਣੀ ਅਫਰੀਕਾ ਦੀ ਜ਼ੋਜ਼ੀਬਿਨੀ ਟੂੰਜ਼ੀ (26) ਨੇ ਮਿਸ ਯੂਨੀਵਰਸ 2019 ਦਾ ਖਿਤਾਬ ਜਿੱਤ ਲਿਆ ਹੈ। ਅਮਰੀਕਾ ਦੇ ਹਾਸ ਕਲਾਕਾਰ ਤੇ ਐਂਕਰ ਸਟੀਵ ਹਾਰਵੇ ਨੇ ਕੱਲ੍ਹ ਇਥੇ ਟੇਲਰ ਪੈਰੀ ਸਟੂਡੀਓ ਵਿੱਚ ਕਰਵਾਏ ਮੁਕਾਬਲੇ ਵਿੱਚ ਜ਼ੋਜ਼ੀਬਿਨੀ ਟੂੰਜ਼ੀ ਨੂੰ ਜੇਤੂ ਐਲਾਨਿਆ।ਪਿਛਲੇ ਸਾਲ ਦੀ ਮਿਸ ਯੂਨੀਵਰਸ ਫਿਲਪੀਨ ਦੀ ਕੈਟਰੀਨਾ ਗ੍ਰੇ ਨੇ ਜ਼ੋਜ਼ੀਬਿਨੀ ਟੂੰਜ਼ੀ ਨੂੰ ਤਾਜ ਪਾਇਆ।

ਅਮਰੀਕਾ ਦੇ ਜਾਰਜੀਆ ਸੂਬੇ ਦੇ ਐਟਲਾਂਟਾ ਵਿੱਚ ਹੋਏ ਇਸ ਮੁਕਾਬਲੇ ਵਿੱਚ ਦੁਨੀਆ ਭਰ ਤੋਂ 90 ਸੁੰਦਰੀਆਂ ਨੇ ਹਿੱਸਾ ਲਿਆ ਸੀ। ਭਾਰਤ ਦੀ ਵਰਤਿਕਾ ਸਿੰਘ ਚੋਟੀ ਦੇ 10 ਮੁਕਾਬਲੇਬਾਜ਼ਾਂ 'ਚ ਥਾਂ ਨਹੀਂ ਬਣਾ ਸਕੀ।ਜ਼ੋਜ਼ੀਬਿਨੀ ਨੇ ਜਿੱਤ ਦਾ ਧੰਨਵਾਦ ਪ੍ਰਗਟ ਕਰਨ ਲਈ ਟਵਿੱਟਰ ਦਾ ਸਹਾਰਾ ਲਿਆ। ਉਨ੍ਹਾਂ ਲਿਖਿਆ, 'ਹਰ ਛੋਟੀ ਬੱਚੀ, ਜੋ ਇਸ ਪਲ ਨੂੰ ਦੇਖ ਰਹੀ ਹੋਵੇਗੀ, ਉਹ ਸੁਪਨਿਆਂ ਦੀ ਤਾਕਤ 'ਤੇ ਨਾ ਕੇਵਲ ਭਰੋਸਾ ਕਰੇਗੀ ਬਲਕਿ ਉਹ ਮੇਰੇ ਵਿੱਚ ਆਪਣਾ ਅਕਸ ਵੀ ਦੇਖੇਗੀ। ਕੱਲ੍ਹ ਰਾਤ ਸੰਭਾਵਨਾਵਾਂ ਦਾ ਇੱਕ ਦੁਆਰ ਖੁੱਲ੍ਹਾ ਹੈ ਅਤੇ ਮੈਂ ਧੰਨਵਾਦੀ ਹਾਂ ਕਿ ਮੈਨੂੰ ਇਸ ਦਾ ਲਾਭ ਮਿਲਿਆ ਹੈ।' ਜ਼ੋਜ਼ੀਬਿਨੀ ਨੇ ਮਿਸ ਯੂਨੀਵਰਸ ਦਾ ਤਾਜ ਪਾ ਕੇ ਇੱਕ ਤਸਵੀਰ ਵੀ ਸਾਂਝੀ ਕੀਤੀ ਹੈ। ਮਿਸ ਪਿਓਟੋਰਿਕੋ ਮੈਡੀਸਨ ਐਂਡਰਸਨ ਨੂੰ ਪਹਿਲੀ ਰਨਰਜ਼ਅਪ ਚੁਣਿਆ ਗਿਆ, ਜਦਕਿ ਮੈਕਸੀਕੋ ਦੀ ਏਸ਼ਲੇ ਐਲਵਿਡ੍ਰੇਜ਼ ਸੈਕੰਡ ਰਨਰਜ਼ਅਪ ਬਣਗਈ ਹੈ। ਚੋਟੀ ਦੇ ਪੰਜ ਮੁਕਾਬਲੇਬਾਜ਼ਾਂ ਵਿੱਚ ਕੋਲੰਬੀਆ ਅਤੇ ਥਾਈਲੈਂਡ ਦੀਆਂ ਮੁਕਾਬਲੇਬਾਜ਼ ਵੀ ਸ਼ਾਮਲ ਰਹੀਆਂ। ਇਹ ਤੀਜਾ ਮੌਕਾ ਹੈ ਜਦੋਂ ਦੱਖਣੀ ਅਫਰੀਕਾ ਦੀ ਕੋਈ ਸੁੰਦਰੀ ਮਿਸ ਯੂਨੀਵਰਸ ਬਣੀ ਹੈ। 2017 ਵਿੱਚ ਦੱਖਣੀ ਅਫਰੀਕਾ ਦੀ ਹੀ ਡੈਮੀ ਲੀਘ ਨੇਲ-ਪੀਟਰਸ ਨੂੰ ਜੇਤੂ ਐਲਾਨਿਆ ਗਿਆ ਸੀ।

A/Z CITY DRIVER
WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੋਂ Montreal ਲਈ ਦੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ਼ੂ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੇ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com

# ਫ਼ਰਾਰ ਫ਼ੌਜੀ ਪੰਜਾਬ ਵਿੱਚ ਥਾਂ-ਥਾਂ ਪੁਲਸ ਵੱਲੋਂ ਛਾਪਿਆਂ ਦੌਰਾਨ ਗ੍ਰਿਫਤਾਰ

ਹੁਸ਼ਿਆਰਪੁਰ, 10 ਦਸੰਬਰ (ਪੋਸਟ ਬਿਊਰੋ)- ਪਿਛਲੇ ਹਫ਼ਤੇ ਫ਼ੌਜ ਦੇ ਸਿਖਲਾਈ ਸੈਂਟਰ ਤੋਂ ਅਸਲਾ ਤੇ ਗੋਲੀ ਸਿੱਕਾ ਲੈ ਕੇ ਕਿਸੇ ਵੱਡੀ ਵਾਰਦਾਤ ਲਈ ਦੌੜੇ ਹੋਏ ਫੌਜੀ ਦੀ ਭਾਲ ਲਈ ਦੇਸ਼ ਦੀਆਂ ਖੁਫੀਆ ਤੇ ਪੁਲਸ ਏਜੰਸੀਆਂ ਟਾਂਡਾ ਪੁਲਸ ਨਾਲ ਮਿਲ ਕੇ ਪਿਛਲੇ ਦੋ ਦਿਨਾਂ ਤੋਂ ਫੌਜੀ ਅਤੇ ਉਸਦੇ ਸਾਥੀ ਦੀ ਭਾਲ 'ਚ ਥਾਂ-ਥਾਂ ਛਾਪੇਮਾਰ ਰਹੀਆਂ ਹਨ। ਫ਼ਰਾਰ ਫ਼ੌਜੀ ਦੇ ਇੱਕ ਸਾਥੀ ਨੂੰ ਹਲਕਾ ਉੜਮੁੜ ਦੇ ਪਿੰਡ ਮਿਆਣੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪਹਿਲਾਂ ਗ੍ਰਿਫਤਾਰ ਵਿਅਕਤੀ ਦੀ ਪਛਾਣ ਜਗਤਾਰ ਸਿੰਘ ਜੱਗਾ ਪੁੱਤਰ ਹਰਭਜਨ ਸਿੰਘ ਵਾਸੀ ਮਿਆਣੀ ਵਜੋਂ ਹੋਈ ਹੈ, ਜਦਕਿ ਦੌੜੇ ਹੋਏ ਫੌਜੀ ਦੀ ਪਛਾਣ ਹਰਪ੍ਰੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਮਿਆਣੀ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਮੁਤਾਬਕ ਹਰਪ੍ਰੀਤ ਸਿੰਘ ਫੌਜੀ ਅੱਜਕੱਲ੍ਹ ਮੱਧ ਪ੍ਰਦੇਸ਼ ਵਿਖੇ ਤਾਇਨਾਤ ਸੀ। ਪਿਛਲੇ ਹਫਤੇ ਉਸਓਥੇ ਫੌਜ ਦੇ ਸਿਖਲਾਈ ਸੈਂਟਰ ਤੋਂ ਇੱਕ ਫੌਜੀ ਅਫਸਰ ਦੇ ਭੇਸ ਵਿੱਚ ਅੰਦਰ ਵੜ ਕੇ ਬੰਦੂਕਾਂ ਸਮੇਤ ਅਸਲਾ ਚੋਰੀ ਕਰ ਲਿਆ ਸੀ। ਉਸ ਵੱਲੋਂ ਚੋਰੀ ਕੀਤਾ ਅਸਲਾ ਪੰਜਾਬ ਦੇ ਹਲਕਾ ਉੜਮੁੜ ਵਿਖੇ ਲਿਆਉਣ ਲਈ ਜਗਤਾਰ ਸਿੰਘ ਜੱਗਾ ਨੇ ਆਪਣੇ ਇੱਕ ਸਾਥੀ ਦੀ ਮਦਦ ਨਾਲ ਪੰਚਮੜੀ ਤੋਂ ਰੇਲ ਰਾਹੀਂਇਸ ਨੂੰ ਪਿੰਡ ਮਿਆਣੀ ਪੁਚਾਇਆ। ਮਿਲੀ ਜਾਣਕਾਰੀ ਮੁਤਾਬਕ ਫੌਜੀ ਹਰਪ੍ਰੀਤ ਸਿੰਘ ਅੱਗੋਂ ਜਗਤਾਰ ਜੱਗੇ ਨਾਲ ਮਿਲ ਕੇ ਕਿਸੇ ਵੱਡੀ ਵਾਰਦਾਤ ਦੀ ਫਿਰਾਕ ਵਿੱਚ ਸੀ।ਜਦੋਂ ਇਸ ਦੀ ਭਿਣਕ ਖੁਫੀਆ ਏਜੰਸੀਆਂ ਨੂੰ ਮਿਲੀ ਤਾਂ ਵੱਖ-ਵੱਖ ਵਿਭਾਗਾਂ ਦੇ ਦਰਜਨ ਦੇ ਕਰੀਬ ਅਧਿਕਾਰੀ ਟਾਂਡਾ ਦੇ ਇੱਕ ਨਿੱਜੀ ਹੋਟਲ ਵਿੱਚ ਠਹਿਰੇ ਤੇ ਟਾਂਡਾ ਪੁਲਸ ਨਾਲ ਮਿਲ ਕੇ ਫੌਜੀ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਸ਼ੁਰੂ ਕਰ ਦਿੱਤੇਅਤੇ ਜਗਤਾਰ ਸਿੰਘ ਜੱਗੇ ਨੂੰ ਗ੍ਰਿਫਤਾਰ ਕਰ ਲਿਆ ਪਰ ਫੌਜੀ ਆਪਣੇ ਇੱਕ ਸਾਥੀ ਨਾਲ ਅਸਲੇ ਸਮੇਤ ਫਰਾਰ ਹੋ ਗਿਆ। ਪੁਲਸ ਨੇ ਫੌਜੀ ਦੇ ਪਰਵਾਰ ਨੂੰ ਥਾਣਾ ਟਾਂਡਾ ਵਿਖੇ ਹਿਰਾਸਤ ਵਿੱਚ ਲੈ ਲਿਆ ਤਾਂ ਜੋ ਫੌਜੀ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ ਜਾ ਸਕੇ।



ਗ੍ਰਿਫਤਾਰ ਕੀਤੇ ਜਗਤਾਰ ਸਿੰਘ ਜੱਗਾ ਦੇ ਪਿਤਾ ਹਰਭਜਨ ਸਿੰਘ ਨੂੰ ਤਰਨ ਤਾਰਨ ਖੁਫੀਆ ਪੁਲਸ ਬ੍ਰਾਂਚ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ ਜ਼ੈੱਡਐਫ) ਦੇ ਖਾੜਕੂ ਅਕਸ਼ਦੀਪ ਸਿੰਘ, ਬਾਬਾ ਬਲਵੰਤ ਸਿੰਘ ਨਿਹੰਗ, ਬਲਬੀਰ ਸਿੰਘ ਤੇ ਗੁਰਦੇਵ ਸਿੰਘ ਸਮੇਤ ਗ੍ਰਿਫਤਾਰ ਕੀਤਾ ਸੀ। ਹਰਭਜਨ ਸਿੰਘ ਬਾਬਾ, ਬਲਵੰਤ ਸਿੰਘ ਨਿਹੰਗ ਤੇ ਗੁਰਦੇਵ ਸਿੰਘ ਦੋਆਬੇ ਦੇ ਟਾਂਡਾ ਵਿੱਚ ਰਹਿ ਕੇ ਖੁਫੀਆ ਸਰਗਰਮੀ ਕਰ ਰਹੇ ਸਨ। ਬਾਬਾ ਬਲਵੰਤ ਸਿੰਘ ਨਿਹੰਗ ਅਹੀਆਪੁਰ ਦੇ ਇੱਕ ਧਾਰਮਿਕ ਅਸਥਾਨ ਦਾ ਮੁੱਖੀ ਸੀ ਤੇ ਹਰਭਜਨ ਸਿੰਘ ਮਿਆਣੀ ਵਿਖੇ ਰਹਿੰਦਾ ਸੀ ਤੇ ਬਾਬਾ ਬਲਵੰਤ ਸਿੰਘ ਨਿਹੰਗ ਨਾਲ ਜੁੜਿਆ ਸੀ। ਤੀਜਾ ਗੁਰਦੇਵ ਸਿੰਘ ਪਿੰਡ ਝੱਜਾਂ ਬ੍ਰਾਹਮਣਾਂ ਨਾਲ ਸਬੰਧਤ ਸੀ। ਇਨ੍ਹਾਂ ਦਾ ਚੌਥਾ ਸਾਥੀ ਬਲਬੀਰ ਸਿੰਘ ਵੀ ਟਾਂਡਾ ਦੇ ਮਾਸ਼ਾ ਮੁਹੱਲੇ 'ਚ ਸ਼ਟਰਿੰਗ ਦਾ ਕੰਮ ਕਰਦਾ ਸੀ ਤੇ ਟਾਂਡਾ 'ਚ ਖੁਫੀਆ ਤੌਰ 'ਤੇ ਰਹਿ ਰਿਹਾ ਸੀ।

ਇਸ ਦੌਰਾਨ ਟਾਂਡਾ ਪੁਲਸ ਨੇ ਤਿੰਨ ਦਿਨਾਂ ਦੇ ਸਰਚ ਆਪ੍ਰੇਸ਼ਨ ਤੋਂ ਬਾਅਦ ਟਾਂਡਾ ਦੇ ਇਕ ਪਿੰਡ ਤੋਂ ਫੜ ਲਿਆ ਹੈ। ਪੁਲਸ ਨੇ ਉਸ ਦੇ ਕਬਜ਼ੇ ਵਿੱਚੋਂ ਚੋਰੀ ਕੀਤੀਆਂ ਰਾਈਫਲਾਂ ਅਤੇ ਹੋਰ ਅਸਲਾ ਵੀ ਬਰਾਮਦ ਕੀਤਾ ਹੈ। ਆਰਮੀ ਦੇ ਸਟੇਸ਼ਨ ਵਿਚੋਂ ਅਸਲਾ ਚੋਰੀ ਕਰਕੇ ਭੱਜੇ ਇਸ ਫੌਜੀ ਦੇ ਆਪਣੇ ਹੀ ਇਲਾਕੇ ਵਿਚ ਹੋਣ ਦੀ ਸੂਚਨਾ ਮਿਲੀ ਸੀ, ਜਿਸ ਪਿੱਛੋਂ ਜ਼ਿਲਾ ਫੋਰਸ ਵੱਲੋਂ ਟਾਂਡਾ ਦੇ ਵੱਖ-ਵੱਖ ਪਿੰਡਾਂ ਵਿਚ ਛਾਪੇ ਮਾਰ ਕੇ ਫੜਨ ਲਈ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਸੀ ਅਤੇ ਸੋਮਵਾਰ ਅੱਧੀ ਰਾਤ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

# 14 ਦਸੰਬਰ ਨੂੰ ਲਗਾਈ ਜਾਵੇਗੀ ਨੈਸ਼ਨਲ ਲੋਕ ਅਦਾਲਤ: ਪਰਮਿੰਦਰਪਾਲ ਸਿੰਘ

***ਨੈਸ਼ਨਲ ਲੋਕ ਅਦਾਲਤਾਂ, ਸੇਫ਼ ਸਕੂਲ ਵਾਹਨ ਪਾਲਿਸੀ, ਪੋਸ਼ਣ ਅਭਿਆਨ ਅਤੇ ਨਾਲਸਾ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਬਾਰੇ ਕੀਤੀ ਵਿਚਾਰ ਚਰਚਾ**



ਫ਼ਿਰੋਜ਼ਪੁਰ 10 ਦਸੰਬਰ (ਗਿਆਨ ਸਿੰਘ)- ਜ਼ਿਲ੍ਹੇ ਦੀਆਂ ਸਮੂਹ ਅਦਾਲਤਾਂ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 14 ਦਸੰਬਰ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਇਨ੍ਹਾਂ ਲੋਕ ਅਦਾਲਤਾਂ ਵਿੱਚ 1020 ਪ੍ਰੀ ਲਿਟੀਗੇਟਿਵ ਸਟੇਜ ਦੇ ਕੇਸ ਅਤੇ ਅਦਾਲਤਾਂ ਵਿੱਚ ਚੱਲ ਰਹੇ 600 ਕੇਸ ਨਿਪਟਾਰੇ ਲਈ ਰੱਖੇ ਜਾਣਗੇ। ਇਹ ਜਾਣਕਾਰੀ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰ. ਪਰਮਿੰਦਰਪਾਲ ਸਿੰਘ ਨੇ ਤਿਮਾਹੀ ਮੀਟਿੰਗ ਮੌਕੇ ਦਿੱਤੀ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਸੇਫ਼ ਸਕੂਲ ਵਾਹਨ ਪਾਲਿਸੀ, ਪੋਸ਼ਣ ਅਭਿਆਨ, ਚਾਈਲਡ ਵੈੱਲਫੇਅਰ ਕਮੇਟੀ, ਨਾਲਸਾ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਲੀਗਲ ਲਿਟਰੇਸੀ, ਪੈਰਾ ਲੀਗਲ ਵਲੰਟੀਅਰ ਅਤੇ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਨਸ਼ਿਆਂ ਵਿਰੁੱਧ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਲਗਾਏ ਸੈਮੀਨਾਰਾਂ ਬਾਰੇ ਅਤੇ ਕੀਤੇ ਚਲਾਨਾਂ ਬਾਰੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪੇਸ਼ੀ ਮੌਕੇ ਆਉਣ ਵਾਲੇ ਕੈਦੀਆਂ ਨੂੰ ਸਮੇਂ ਸਿਰ ਲਿਆਂਦਾ ਜਾਵੇ।

ਉਨ੍ਹਾਂ ਦੱਸਿਆ ਕਿ ਘੱਟ ਆਮਦਨ ਵਾਲੇ ਗ਼ਰੀਬ ਲੋਕਾਂ, ਯਤੀਮ ਬੱਚਿਆਂ ਅਤੇ ਗ਼ਰੀਬੀ ਦੇ ਮਾਰੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣੂੰ ਕਰਵਾਉਣ ਲਈ ਸਮੇਂ ਸਮੇਂ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੈਮੀਨਾਰਾਂ ਅਤੇ ਕੈਂਪ ਲਗਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੋਰਟਾਂ ਵਿੱਚ ਚੱਲ ਰਹੇ ਕੇਸਾਂ ਦਾ ਜਲਦੀ ਨਿਪਟਾਰਾ ਕਰਨ ਲਈ ਅਤੇ ਲੋਕਾਂ ਨੂੰ ਜਲਦੀ ਇਨਸਾਫ਼ ਦੇਣ ਲਈ ਲੋਕ ਅਦਾਲਤਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜਿਹੜੇ ਕੇਸਾਂ ਵਿੱਚ ਰਾਜ਼ੀਨਾਮੇ ਦੀ ਗੁਜਾਇੰਸ਼ ਹੋਵੇ ਉਨ੍ਹਾਂ ਕੇਸਾਂ ਨੂੰ ਮਿਡੀਗੇਸ਼ਨ ਸੈਂਟਰ ਵਿਖੇ ਭੇਜਿਆ ਜਾਵੇ ਤਾਂ ਜੋ ਲੋਕ ਅਦਾਲਤੀ ਝਗੜੇ ਤੋਂ ਬਚ ਸਕਣ।

ਇਸ ਮੌਕੇ ਏ.ਡੀ.ਜੇ. ਗੁਰਨਾਮ ਸਿੰਘ, ਸੀ. ਜੇ.ਐੱਮ ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰ. ਅਮਨਪ੍ਰੀਤ ਸਿੰਘ, ਸੀ.ਜੇ.ਐੱਮ. ਸੁਰੇਸ਼ ਗੋਇਲ, ਵਧੀਕ ਡਿਪਟੀ ਕਮਿਸ਼ਨਰ (ਜ.) ਸ੍ਰ. ਰਵਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰ. ਰਵਿੰਦਰਪਾਲ ਸਿੰਘ ਸੰਧੂ ਅਤੇ ਸਿਵਲ ਸਰਜਨ ਡਾ. ਹਰੀ ਨਰਾਇਣ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਟੈਸਟ ਵਿਚੋਂ ਨੰਬਰ ਘੱਟ ਆਏ ਤਾਂ ਬੱਚੀ ਦਾ ਮੂੰਹ ਕਾਲਾ ਕਰ ਦਿਤਾ ਗਿਆ

ਹਿਸਾਰ, 10 ਦਸੰਬਰ (ਪੋਸਟ ਬਿਊਰੋ)- ਹਰਿਆਣਾ ਦੇ ਹਿਸਾਰ ਵਿੱਚ ਚੌਥੀ ਜਮਾਤ ਦੀ ਮਾਸੂਮ ਬੱਚੀ ਦਾ ਮੂੰਹ ਕਾਲਾ ਕਰ ਕੇ ਪੂਰੇ ਸਕੂਲ ਵਿੱਚ ਘੁਮਾਇਆ ਗਿਆ। ਬੱਚੀ ਦਾ ਦੋਸ਼ ਇਹ ਸੀ ਕਿ ਅੰਗਰੇਜ਼ੀ ਦੇ ਟੈਸਟ ਵਿੱਚ ਉਸ ਦੇ ਘੱਟ ਨੰਬਰ ਆਏ ਸਨ। ਇਹ ਘਟਨਾ ਬਡਵਾਲੀ ਢਾਣੀ ਦੇ ਇੱਕ ਪ੍ਰਾਈਵੇਟ ਸਕੂਲ ਦੀ ਹੈ। ਇਸ ਦੇ ਬਾਅਦ ਇਸ ਬੱਚੀ ਦੇ ਪਰਿਵਾਰ ਨੇ ਇਸ ਦੇ ਸੰਬੰਧ ਵਿੱਚ ਪੁਲਿਸ ਨੂੰ ਸ਼ਿਕਾਇਤ ਕੀਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਸ਼ਹਿਰ ਦੀ ਇੱਕ ਕਾਲੋਨੀ ਦੀ ਵਾਸੀ 9 ਸਾਲਾ ਬੱਚੀ ਬੀਤੇ ਸ਼ੁੱਕਰਵਾਰ ਆਮ ਦਿਨਾਂ ਦੀ ਤਰ੍ਹਾਂ ਸਕੂਲ ਗਈ ਸੀ। ਅਧਿਆਪਕ ਨੇ ਅੰਗਰੇਜ਼ੀ ਅਤੇ ਹੋਰ ਟੈਸਟ ਲਏ। ਉਸ ਟੈਸਟ ਵਿੱਚ ਬੱਚੀ ਦੇ 10 ਵਿੱਚੋਂ 7 ਨੰਬਰ ਆਏ ਸਨ, ਜਦ ਕਿ 8 ਨੰਬਰ



ਲੈਣੇ ਜ਼ਰੂਰੀ ਸਨ। ਬੱਚੀ ਤੋਂ ਇਲਾਵਾ ਕਲਾਸ ਦੇ 5 ਹੋਰ ਬੱਚਿਆਂ ਦੇ ਨੰਬਰ ਵੀ ਘੱਟ ਸਨ। ਦੋਸ਼ ਇਹ ਹੈ ਕਿ ਨੰਬਰ ਘੱਟ ਆਉਣ ਉੱਤੇ ਟੀਚਰ ਨੇ ਕਾਲੇ ਰੰਗ ਦੇ ਸਕੈੱਚ ਪੈਨ ਨਾਲ ਉਨ੍ਹਾਂ ਦਾ ਮੂੰਹ ਕਾਲਾ ਕਰ ਦਿੱਤਾ ਤੇ ਇਸ ਤੋਂ ਬਾਅਦ ਇਨ੍ਹਾਂ ਬੱਚਿਆਂ ਨੂੰ ਸਕੂਲ ਦੀਆਂ ਸਾਰੀਆਂ ਕਲਾਸਾਂ ਵਿੱਚ ਲਿਜ-ਾਇਆ ਗਿਆ। ਅਧਿਆਪਕ ਨੇ ਸਕੂਲ ਦੇ ਦੂਜੇ ਬੱਚਿਆਂ ਤੋਂ ਇਸ ਬੱਚੀ ਲਈ 'ਸ਼ੇਮ-ਸ਼ੇਮ' ਵੀ ਬੁਲਾਇਆ। ਬੱਚੀ ਨੇ ਘਰ ਆ ਕੇ ਆਪਣੀ ਦਾਦੀ ਤੇ ਮਾਂ ਨੂੰ ਇਸ ਘਟਨਾ ਬਾਰੇ ਦੱਸਿਆ। ਇਸ ਉੱਤੇ ਸ਼ਨਿੱਚਰਵਾਰ ਨੂੰ ਬੱਚੀ ਦੇ ਪਿਤਾ ਅਤੇ ਪਰਿਵਾਰ ਦੇ ਲੋਕ ਸਕੂਲ ਗਏ। ਪ੍ਰਿੰਸੀਪਲ ਅਤੇ ਟੀਚਰ ਨੇ ਉਨ੍ਹਾਂ ਨਾਲ ਗਲਤ ਵਿਹਾਰ ਕੀਤਾ। ਅਗਲੇ ਦਿਨ ਐਤਵਾਰ ਪਰਿਵਾਰ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ, ਪਰ ਕੋਈ ਕਾਰਵਾਈ ਨਾ ਹੋਈ। ਪਰਿਵਾਰ ਅਤੇ ਹੋਰ ਇਲਾਕਾ ਵਾਸੀਆਂ ਨੇ ਸੋਮਵਾਰ ਨੂੰ ਥਾਣੇ ਜਾ ਕੇ ਹੰਗਮਾ ਕੀਤਾ ਤਾਂ ਪੁਲਿਸ ਪ੍ਰਸ਼ਾਸਨ ਦੀ ਨੀਂਦ ਖੁੱਲ੍ਹੀ। ਇਸ ਤੋਂ ਬਾਅਦ ਪੁਲਿਸ ਨੇ ਬੱਚੀ ਤੇ ਮਾਪਿਆਂ ਦੇ ਬਿਆਨ ਦਰਜ ਕੀਤੇ, ਪਰ ਅਜੇ ਤਕ ਸਿਰਫ ਇੱਕ ਬੱਚੇ ਦੇ ਪਰਿਵਾਰ ਨੇ ਸ਼ਿਕਾਇਤ ਦਰਜ ਕਰਵਾਈ ਹੈ।

## ਉਨਾਵ ਬਲਾਤਕਾਰ ਕਾਂਡ

# ਪ੍ਰਸ਼ਾਸਨ ਨੇ ਕਬਰ ਉੱਤੇ ਚਬੂਤਰਾ ਬਣਵਾ ਦਿੱਤਾ, ਪਰਿਵਾਰ ਵੱਲੋਂ ਵਿਰੋਧ

ਉਨਾਵ, 10 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਉਨਾਵ ਜ਼ਿਲੇ ਵਿਚਲੇ ਬਿਹਾਰ ਥਾਣਾ ਖੇਤਰ ਵਿੱਚ ਜਿੰਦਾ ਸਾੜ ਦਿੱਤੀ ਗਈ ਬਲਾਤਕਾਰ ਪੀੜਤਾ ਦੀ ਕਬਰ ਉੱਤੇ ਪ੍ਰਸ਼ਾਸਨ ਨੇ ਚਬੂਤਾ ਬਣਵਾ ਦਿੱਤਾ ਹੈ, ਜਿਸ ਦਾ ਪੀੜਤ ਪਰਿਵਾਰ ਦੇ ਮੈਂਬਰਾਂ ਨੇ ਵਿਰੋਧ ਕੀਤਾ ਅਤੇ ਕਬਰ ਉੱਤੇ ਲਾਈਆਂ ਇੱਟਾਂ ਨੂੰ ਉਖਾੜ ਦਿੱਤਾ ਹੈ।




ਵਰਨਣ ਯੋਗ ਹੈ ਕਿ ਪ੍ਰਸ਼ਾਸਨ ਨੇ ਸੋਮਵਾਰ ਸ਼ਾਮ ਇਸ ਕਬਰ ਉੱਤੇ ਉਸਾਰੀ ਦਾ ਕੰਮ ਸ਼ੁਰੂ ਕਰਾਇਆ ਸੀ, ਜਿਸ ਦੇ ਬਾਰੇ ਬਿਹਾਰ ਥਾਣਾ ਮੁਖੀ ਵਿਕਾਸ ਪਾਂਡੇ ਨੇ ਦੱਸਿਆ ਕਿ ਪਰਿਵਾਰ ਦੇ ਵਿਰੋਧ ਪਿੱਛੋਂ ਕੰਮ ਰੋਕ ਦਿੱਤਾ ਹੈ। ਕਬਰ ਉੱਤੇ ਸੁਰੱਖਿਆ ਦੀ ਵਿਵਸਥਾ ਕੀਤੀ ਗਈ ਹੈ। ਪੀੜਤਾ ਦੇ ਪਰਿਵਾਰ ਨੇ ਕਿਹਾ ਕਿ ਜਦੋਂ ਤੱਕ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ, ਉਦੋਂ ਤੱਕ ਉਸਾਰੀ ਨਹੀਂ ਕਰਵਾਈ ਜਾਵੇਗੀ।

ਇਸ ਦੌਰਾਨ ਜ਼ਿਲਾ ਹਸਪਤਾਲ ਵਿੱਚ ਇਲਾਜ ਕਰਵਾ ਰਹੀ ਮ੍ਰਿਤਕਾ ਦੀ ਵੱਡੀ ਭੈਣ ਨੇ ਕਿਹਾ ਕਿ ਮੰਗਾਂ ਸਮੇਂ ਉੱਤੇ ਪੂਰੀਆਂ ਨਾ ਹੋਈਆਂ ਤਾਂ ਖੁਦਕੁਸ਼ੀ ਕਰਾਂਗੇ। ਮ੍ਰਿਤਕਾ ਦੇ ਪਿਤਾ ਨੌਕਰੀ, ਸ਼ਸ਼ਤਰ ਲਾਇਸੈਂਸ ਅਤੇ ਰਿਹਾਇਸ਼ ਦੀ ਮੰਗ ਕਰ ਰਹੇ ਹਨ। ਪੀੜਤ ਪਰਿਵਾਰ ਨੂੰ 25 ਲੱਖ ਰੁਪਏ ਦੀ ਆਰਥਿਕ ਮਦਦ ਪ੍ਰਸ਼ਾਸਨ ਦੇ ਚੁੱਕਾ ਹੈ। ਕਾਂਗਰਸ ਪਾਰਟੀ ਦੀ ਨੇਤਾ ਤੇ ਸਾਬਕਾ ਪਾਰਲੀਮੈਂਟ ਮੈਂਬਰ ਅਨੂ ਟੰਡਨ ਨੇ 5 ਲੱਖ ਰੁਪਏ ਦੀ ਮਦਦ ਤੇ ਸਮਾਜਵਾਦੀ ਪਾਰਟੀ ਨੇ ਇੱਕ ਲੱਖ ਰੁਪਏ ਦੀ ਮਦਦ ਦਿੱਤੀ ਹੈ। ਇਸ ਕੇਸ ਦੇ ਇੱਕ ਦੋਸ਼ੀ ਸ਼ੁਭਮ ਦੀ ਮਾਂ ਨੇ ਕੇਸ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar
INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

## ਸਮਰਪਣ ਤੋਂ ਬਿਨਾਂ ਸਫਲਤਾ ਨਹੀਂ : ਅਨੰਨਿਆ ਪਾਂਡੇ



ਫਿਲਮ 'ਸਟੂਡੈਂਟ ਆਫ ਦਿ ਯੀਅਰ 2' ਨਾਲ ਡੈਬਿਊ ਕਰਨ ਵਾਲੀ ਅਨੰਨਿਆ ਪਾਂਡੇ ਜਲਦ ਹੀ ਆਪਣੀ ਦੂਜੀ ਫਿਲਮ 'ਪਤੀ ਪਤਨੀ ਔਰ ਵੋਹ' ਵਿੱਚ ਨਜ਼ਰ ਆਏਗੀ। ਪਹਿਲੀ ਹੀ ਫਿਲਮ ਨਾਲ ਉਸ ਦੇ ਫੈਨਜ਼ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ ਅਤੇ ਸੋਸ਼ਲ ਮੀਡੀਆ 'ਤੇ ਉਸ ਦੇ ਪ੍ਰਸ਼ੰਸਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੋ ਚੁੱਕੀ ਹੈ, ਪਰ ਉਸ ਨੇ ਬੀਤੇ ਦਿਨੀਂ 'ਸੋ ਪਾਜ਼ੇਟਿਵ' ਨਾਂਅ ਦੀ ਮੁਹਿੰਮ ਛੇੜੀ ਸੀ, ਜੋ 'ਸਾਈਬਰ ਬੁਲਿੰਗ' ਭਾਵ ਆਨਲਾਈਨ ਦਬੰਗਈ ਖਿਲਾਫ ਹੈ। ਅਨੰਨਿਆ ਨੇ ਇਸ ਦੀ ਸ਼ੁਰੂਆਤ ਖੁਦ ਸਾਈਬਰ ਬੁਲਿੰਗ ਦਾ ਸ਼ਿਕਾਰ ਹੋਣ ਤੋਂ ਬਾਅਦ ਕੀਤੀ ਸੀ। ਉਂਝ ਇਨ੍ਹੀਂ ਦਿਨੀਂ ਉਹ ਜ਼ੋਰ-ਸ਼ੋਰ ਨਾਲ ਫਿਲਮ 'ਪਤੀ ਪਤਨੀ ਔਰ ਵੋਹ' ਦਾ ਪ੍ਰਚਾਰ ਕਰ ਰਹੀ ਹੈ, ਨਾਲ ਹੀ ਉਹ ਆਪਣੀਆਂ ਅਗਲੀਆਂ ਫਿਲਮਾਂ ਨੂੰ ਲੈ ਕੇ ਵੀ ਖੂਬ ਐਕਸਾਈਟਿਡ ਹੈ। ਪੇਸ਼ ਹਨ ਅਨੰਨਿਆ ਨਾਲ ਇੱਕ ਗੱਲਬਾਤ ਦੇ ਮੁੱਖ ਅੰਸ਼ :

* ਜਲਦੀ ਹੀ ਤੁਹਾਡੀ ਦੂਜੀ ਫਿਲਮ 'ਪਤੀ ਪਤਨੀ ਔਰ ਵੋਹ' ਦਰਸ਼ਕਾਂ ਸਾਹਮਣੇ ਹੋਵੇਗੀ।

– ਇਸ ਵਿੱਚ ਮੇਰੇ ਨਾਲ ਕਾਰਤਿਕ ਆਰੀਅਨ ਅਤੇ ਭੂਮੀ ਪੇਡਨੇਕਰ ਨਜ਼ਰ ਆਉਣਗੇ। ਦੱਸ ਦਿਆਂ ਕਿ ਫਿਲਮ ਨਗਰੀ ਹਮੇਸ਼ਾ ਤੋਂ ਸੁਪਰੋਟਿਵ ਰਹੀ ਹੈ। ਇਥੋਂ ਲੋਕਾਂ ਤੋਂ ਬਹੁਤ ਪਿਆਰ ਮਿਲਿਆ ਹੈ ਤੇ ਦਰਸ਼ਕਾਂ ਨੇ ਮੈਨੂੰ ਬਹੁਤ ਪਿਆਰ ਦਿੱਤਾ ਹੈ। ਸੱਚ ਦੱਸਾਂ ਤਾਂ ਆਪਣੀ ਫਿਲਮ ਦੌਰਾਨ ਮੈਂ ਕਾਫੀ ਡਰੀ ਸੀ। ਮੈਂ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਮੇਰੇ ਪਾਪਾ ਨੂੰ ਇੰਡਸਟਰੀ ਨੇ ਸਵੀਕਾਰ ਕੀਤਾ ਹੈ, ਠੀਕ ਉਸੇ ਤਰ੍ਹਾਂ ਮੈਨੂੰ ਵੀ ਲੋਕ ਪਿਆਰ ਕਰਦੇ ਰਹਿਣ। ਆਪਣੀ ਦੂਜੀ ਫਿਲਮ 'ਪਤੀ ਪਤਨੀ ਔਰ ਵੋ' ਨੂੰ ਲੈ ਕੇ ਕਾਫੀ ਉਤਸ਼ਾਹਤ ਹਾਂ। ਲਖਨਊ 'ਚ ਮੈਂ ਦੋ ਮਹੀਨਿਆਂ ਤੱਕ ਇਸ ਦੀ ਸ਼ੂਟਿੰਗ ਦੌਰਾਨ ਖੂਬ ਮਸਤੀ ਕੀਤੀ ਸੀ। ਇਹ ਇੱਕ ਯਾਦਗਾਰੀ ਅਨੁਭਵ ਰਿਹਾ ਹੈ।

* ਤੁਸੀਂ ਫਿਲਮ 'ਖਾਲੀ ਪੀਲੀ' ਵੀ ਸਾਈਨ ਕੀਤੀ ਹੈ, ਜਿਸ ਵਿੱਚ ਤੁਸੀਂ ਈਸ਼ਾਨ ਖੱਟੜ ਨਾਲ ਨਜ਼ਰ ਆਓਗੇ। ਇਸ ਬਾਰੇ ਕੁਝ ਦੱਸੋ?

– ਇਸ ਫਿਲਮ ਬਾਰੇ ਮੈਂ ਬਹੁਤ ਉਤਸ਼ਾਹਤ ਹਾਂ। ਮੈਂ ਈਸ਼ਾਨ ਨਾਲ ਕੰਮ ਕਰਨ ਲਈ ਉਦੋਂ ਤੋਂ ਬੇਤਾਬ ਸੀ, ਜਦੋਂ ਤੋਂ ਮੈਂ ਉਸ ਨੂੰ ਫਿਲਮ 'ਬਿਓਂਡ ਦਿ ਕਲਾਊਡਸ' ਵਿੱਚ ਦੇਖਿਆ ਸੀ। ਆਸ ਕਰਦੀ ਹਾਂ ਕਿ ਕੰਮ ਕਰਨ ਦੀ ਉਸ ਦੀ ਐਨਰਜੀ ਮੇਰੇ ਅੰਦਰ ਵੀ ਨਜ਼ਰ ਆਏਗੀ। ਉਹ ਕਾਫੀ ਪ੍ਰਤਿਭਾਸ਼ਾਲੀ ਐਕਟਰ ਹੈ। ਅਸੀਂ ਦੋਵੇਂ ਕਾਫੀ ਯੰਗ ਹਾਂ ਅਤੇ ਯੰਗ ਐਨਰਜੀ ਨਾਲ ਕੰਮ ਕਰਨਾ ਕਾਫੀ ਸ਼ਾਨਦਾਰ ਰਹੇਗਾ। ਅਸੀਂ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਮੁੰਬਈ 'ਚ ਹੀ ਕਈ ਜਗ੍ਹਾ 'ਤੇ ਇਸ ਦੀ ਸ਼ੂਟਿੰਗ ਵੀ ਕੀਤੀ ਹੈ। ਜੇ ਤੁਸੀਂ ਦੋ ਕ੍ਰੇਜ਼ੀ ਬੱਚਿਆਂ ਨੂੰ ਗਲੀਆਂ 'ਚ ਟੈਕਸੀ ਚਲਾਉਂਦੇ ਦੇਖਿਆ ਹੋਵੇਗਾ ਤਾਂ ਖੁਦ ਜਾਣ ਜਾਓਗੇ ਕਿ ਉਹ ਅਸੀਂ ਹੀ ਹਾਂ।

* ਫਿਲਮਾਂ ਵਿੱਚ ਕਦਮ ਰੱਖਦੇ ਹੀ ਤੁਸੀਂ ਸੋਸ਼ਲ ਮੀਡੀਆ ਉਤੇ ਬੁਲਿੰਗ ਦਾ ਸ਼ਿਕਾਰ ਹੋ ਗਏ। ਇਸ ਸਭ ਨਾਲ ਨਜਿੱਠਣਾ ਤੁਹਾਡੇ ਲਈ ਕਿੰਨਾ ਮੁਸ਼ਕਲ ਰਿਹਾ?

– ਮੈਂ ਬਹੁਤ ਮਜ਼ਬੂਤ ਹਾਂ। ਮੈਂ ਕਹਿ ਸਕਦੀ ਹਾਂ ਕਿ ਮੈਂ 'ਥਿੱਕ ਸਕਿਨ' ਹਾਂ ਤੇ ਇਹ ਗੁਣ ਮੇਰੇ ਪਾਪਾ ਤੋਂ ਮਿਲਿਆ ਹੈ। ਮੈਂ ਖੁਦ 'ਤੇ ਜੋਕਸ ਨੂੰ ਬਹੁਤ ਸਹਿਜਤਾ ਨਾਲ ਲੈਂਦੀ ਹਾਂ, ਪਰ ਬਾਅਦ 'ਚ ਮੈਂ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੀ ਘਟਨਾ ਤੁਹਾਨੂੰ ਇਕੱਲਾ ਕਰ ਦਿੰਦੀ ਹੈ। ਅਜਿਹੀ ਹਾਲਤ 'ਚ ਮੈਨੂੰ ਅਹਿਸਾਸ ਹੋਇਆ ਕਿ ਸੋਸ਼ਲ ਮੀਡੀਆ 'ਤੇ ਲੋਕ ਗੱਲਾਂ 'ਤੇ ਕਿੰਨੀ ਜਲਦੀ ਯਕੀਨ ਕਰ ਲੈਂਦੇ ਹਨ। ਮੈਂ ਚਾਹੁੰਦੀ ਹਾਂ ਕਿ ਲੋਕ ਜ਼ਿੰਮੇਵਾਰ ਰਹਿਣ ਅਤੇ ਕਿਸੇ ਨਤੀਜੇ 'ਤੇ ਆਉਣ ਤੋਂ ਪਹਿਲਾਂ ਦੋਵਾਂ ਪੱਖਾਂ ਦੀ ਸੁਣ ਲੈਣ। ਸਾਹਮਣੇ ਵਾਲੇ ਤੁਹਾਡਾ ਅਕਸ ਖਰਾਬ ਕਰ ਕੇ ਅੱਗੇ ਵਧ ਜਾਂਦੇ ਹਨ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਇਸ ਨਾਲ ਉਸ ਇਨਸਾਨ ਦੀ ਜ਼ਿੰਦਗੀ 'ਤੇ ਕੀ ਅਸਰ ਪੈ ਸਕਦਾ ਹੈ। ਹੋ ਸਕਦਾ ਹੈ ਕਿ ਉਹ ਇਸ ਨਾਲ ਆਪਣੀ ਜਾਨ ਗੁਆ ਬੈਠੇ। ਮੈਂ ਹਾਂ ਤਾਂ ਅੱਲ੍ਹੜ ਹੀ, ਸਾਡੀ ਉਮਰ 'ਚ ਲੋਕ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਆਪਣੇ ਬਾਰੇ ਇੰਨੀਆਂ ਗੱਲਾਂ ਸੁਣ ਲਈਆਂ ਸਨ ਕਿ ਕਦੇ ਕਦੇ ਮੈਨੂੰ ਖੁਦ 'ਤੇ ਭਰੋਸਾ ਨਹੀਂ ਹੁੰਦਾ ਸੀ। ਲੱਗਦਾ ਸੀ ਕਿ ਲੋਕ ਸਹੀ ਤਾਂ ਨਹੀਂ ਰਹਿ ਰਹੇ ਹਨ। ਮੇਰੇ ਲਈ ਇਹ ਕਾਫੀ ਭਿਆਨਕ ਸੀ।

* ਕਿਸ ਤਰ੍ਹਾਂ ਇਸ ਸਥਿਤੀ 'ਚ ਖੁਦ ਨੂੰ ਸੰਭਾਲਿਆ?

– ਇਸ ਦੌਰਾਨ ਪਰਵਾਰ ਅਤੇ ਦੋਸਤਾਂ ਦਾ ਸਾਥ ਬਹੁਤ ਅਹਿਮ ਹੁੰਦਾ ਹੈ। ਮੇਰੇ ਕੋਲ ਦੋਵਾਂ ਦਾ ਸਾਥ ਸੀ, ਇਸ ਲਈ ਮੈਂ ਇਸ 'ਚੋਂ ਬਾਹਰ ਆ ਸਕੀ। ਇਹੀ ਵਜ੍ਹਾ ਹੈ ਕਿ ਮੈਂ ਇਹ ਪਹਿਲ ਕੀਤੀ ਹੈ। ਮੈਂ ਚਾਹੁੰਦੀ ਹਾਂ ਕਿ ਜੋ ਲੋਕ ਬੁਲਿੰਗ ਦਾ ਸ਼ਿਕਾਰ ਹੋ ਰਹੇ ਹਨ, ਉਨ੍ਹਾਂ ਕੋਲ ਕੋਈ ਹੋਵੇ, ਜੋ ਉਸ ਦੀ ਪ੍ਰੇਸ਼ਾਨੀ ਨੂੰ ਸਮਝ ਸਕੇ ਅਤੇ ਉਸ ਨਾਲ ਗੱਲ ਕਰ ਸਕੇ।

## ਐਕਸ਼ਨ ਹੀ ਮੇਰੀ ਪਛਾਣ : ਟਾਈਗਰ ਸ਼ਰਾਫ



ਫਿਲਮ 'ਹੀਰੋਪੰਤੀ' ਨਾਲ ਡੈਬਿਊ ਅਤੇ ਉਸ ਤੋਂ ਬਾਅਦ ਤੋਂ ਅੱਜ ਤੱਕ 'ਬਾਗੀ', 'ਏ ਫਲਾਇੰਗ ਜੱਟ', 'ਮੁੰਨਾ ਮਾਈਕਲ', 'ਬਾਗੀ 2', 'ਸਟੂਡੈਂਟ ਆਫ ਦਿ ਯੀਅਰ 2' ਅਤੇ ਆਪਣੀ ਪਿਛਲੀ ਫਿਲਮ 'ਵਾਰ' ਨਾਲ ਵੀ ਟਾਈਗਰ ਸ਼ਰਾਫ ਨੇ ਸਾਰਿਆਂ ਨੂੰ ਆਪਣੀ ਐਕਟਿੰਗ ਹੀ ਨਹੀਂ, ਡਾਂਸ ਅਤੇ ਐਕਸ਼ਨ ਨਾਲ ਖੂਬ ਪ੍ਰਭਾਵਤ ਕੀਤਾ ਹੈ। ਉਸ ਦੀ ਅਗਲੀ ਫਿਲਮ ਹੈ 'ਬਾਗੀ 3'। ਇਹ ਵੀ ਇੱਕ ਐਕਸ਼ਨ ਫਿਲਮ ਹੋਵੇਗੀ। ਉਸ ਨੂੰ ਆਸ ਹੈ ਕਿ ਇਹ ਫਿਲਮ ਵੀ ਇਸ ਸੀਰੀਜ਼ ਦੀਆਂ ਪਹਿਲੀਆਂ ਫਿਲਮਾਂ ਵਾਂਗ ਹਿੱਟ ਹੋਵੇਗੀ ਅਤੇ ਉਸ ਨੂੰ ਇਸ ਗੱਲ ਦਾ ਵੀ ਡਰ ਨਹੀਂ ਹੈ ਕਿ ਉਹ ਐਕਸ਼ਨ ਹੀਰੋ ਦੀ ਇਮੇਜ 'ਚ ਬੱਝ ਸਕਦਾ ਹੈ। ਭੈਣ ਕ੍ਰਿਸ਼ਨਾ ਨਾਲ ਮਿਲ ਕੇ ਬੱਚਿਆਂ ਨੂੰ ਮਾਰਸ਼ਲ ਆਰਟਸ ਸਿਖਾਉਣ ਵਾਲੀ ਫਿਟਨੈਸ ਚੇਨ ਵੀ ਖੋਲ੍ਹੀ ਹੋਈ ਹੈ। ਪੇਸ਼ ਹਨ ਟਾਈਗਰ ਨਾਲ ਇਨ੍ਹਾਂ ਅਤੇ ਹੋਰ ਕਈ ਮੁੱਦਿਆਂ 'ਤੇ ਗੱਲਬਾਤ ਦੇ ਮੁੱਖ ਅੰਸ਼ :

* ਮੁਬਾਰਕ ਹੋਵੇ, ਸੁਣਿਆ ਕਿ ਤੁਸੀਂ ਨਵੇਂ ਘਰ ਵਿੱਚ ਸ਼ਿਫਟ ਹੋਣ ਵਾਲੇ ਹੋ?

– ਜੀ ਹਾਂ, ਸਭ ਯੋਜਨਾ ਮੁਤਾਬਕ ਰਿਹਾ ਤਾਂ ਅਗਲੇ ਸਾਲ ਅਪ੍ਰੈਲ ਤੱਕ ਮੈਂ ਆਪਣੇ ਪੂਰੇ ਪਰਵਾਰ ਨਾਲ ਨਵੇਂ ਘਰ ਵਿੱਚ ਸ਼ਿਫਟ ਹੋ ਜਾਵਾਂਗਾ। ਇਸ ਸਮੇਂ ਇਸ ਦੇ ਇੰਟੀਰੀਅਰ ਦਾ ਕੰਮ ਚੱਲ ਰਿਹਾ ਹੈ। ਮੰਮੀ ਫਰਨੀਚਰ ਅਤੇ ਸਜਾਵਟ ਤੋਂ ਲੈ ਕੇ ਹਰ ਚੀਜ਼ ਦਾ ਪੂਰਾ ਖਿਆਲ ਰੱਖ ਰਹੀ ਹੈ। ਇਸ ਵਿੱਚ ਤਿੰਨ ਬੈੱਡਰੂਮ ਹਨ। ਇਸ ਨੂੰ ਜਾਨ ਅਬਰਾਹਮ ਦੇ ਭਰਾ ਐਲੇਨ ਡਿਜ਼ਾਈਨ ਕਰ ਰਹੇ ਹਨ।

* ਤੁਹਾਡੀ ਪਿਛਲੀ ਫਿਲਮ 'ਵਾਰ' ਨੇ ਬਾਕਸ ਆਫਿਸ 'ਤੇ ਰਿਕਾਰਡ ਕਮਾਈ ਕੀਤੀ, ਉਸ ਤੋਂ ਪਹਿਲਾਂ ਆਈ ਤੁਹਾਡੀ ਫਿਲਮ 'ਸਟੂਡੈਂਟ ਆਫ ਦਿ ਯੀਅਰ 2' ਨੂੰ ਔਸਤ ਸਫਲਤਾ ਹੀ ਨਸੀਬ ਹੋ ਸਕੀ ਸੀ, ਕੀ ਕਹੋਗੇ?

– ਫਿਲਮ 'ਵਾਰ' ਨੇ ਅਸਲ ਵਿੱਚ ਜ਼ਬਰਦਸਤ ਕਮਾਈ ਕੀਤੀ ਹੈ, ਜਿਸ ਤੋਂ ਮੈਂ ਬਹੁਤ ਖੁਸ਼ ਹਾਂ। ਜਿੱਥੋਂ ਤੱਕ ਫਿਲਮ 'ਸਟੂਡੈਂਟ ਆਫ ਦਿ ਯੀਅਰ 2' ਦੀ ਗੱਲ ਹੈ ਤਾਂ ਬੇਸ਼ੱਕ ਇਸ ਨੇ ਬਹੁਤ ਜ਼ਿਆਦਾ ਕਮਾਈ ਨਾ ਕੀਤੀ ਹੋਵੇ, ਪਰ ਮੈਨੂੰ ਤਾਂ ਸ਼ੂਟਿੰਗ ਦੌਰਾਨ ਬਹੁਤ ਮਜ਼ਾ ਆਇਆ। ਮੇਰੇ ਲਈ ਉਹ ਹਲਕੀ ਫੁਲਕੀ ਜਿਹੀ ਫਿਲਮ ਸੀ। ਤਾਰਾ ਸੁਤਾਰੀਆ, ਅਨੰਨਿਆ ਪਾਂਡੇ ਅਤੇ ਫਿਲਮ ਦੀ ਸਾਰੀ ਟੀਮ ਦੇ ਨਾਲ ਕੰਮ ਕਨਰਾ ਮੇਰੇ ਲਈ ਮਜ਼ੇਦਾਰ ਤਜਰਬਾ ਰਿਹਾ।

* ਆਪਣੀ ਅਗਲੀ ਫਿਲਮ 'ਬਾਗੀ 3' ਬਾਰੇ ਦੱਸੋ।

– ਇਹ 'ਬਾਗੀ' ਸੀਰੀਜ਼ ਦੀ ਤੀਸਰੀ ਫਿਲਮ ਹੈ, ਜਿਸ ਵਿੱਚ ਮੇਰੇ ਆਪੋਜ਼ਿਟ ਸ਼ਰਧਾ ਕਪੂਰ ਹੋਵੇਗੀ, ਪਹਿਲੀਆਂ ਦੋ ਫਿਲਮਾਂ ਵਾਂਗ ਇਹ ਵੀ ਜ਼ਬਰਦਸਤ ਐਕਸ਼ਨ ਫਿਲਮ ਹੋਵੇਗੀ। ਕਿਉਂਕਿ ਪਹਿਲੀਆਂ ਦੋ ਫਿਲਮਾਂ ਨੇ ਜ਼ਬਰਦਸਤ ਕਮਾਈ ਕੀਤੀ ਹੈ ਤਾਂ ਸਾਨੂੰ ਉਸ ਤੋਂ ਉਪਰ ਜਾਣ ਦੀ ਕੋਸ਼ਿਸ਼ ਕਰਨੀ ਹੋਵੇਗੀ, ਜੋ ਸਾਡੇ ਲਈ ਇੱਕ ਚੈਲੇਂਜ ਬਣ ਚੁੱਕਾ ਹੈ। 'ਬਾਗੀ' ਸੀਰੀਜ਼ ਦਾ ਇੱਕ ਸਟੈਂਡਰਡ ਬਣ ਚੁੱਕਾ ਹੈ।

*ਸੁਣਿਐ ਕਿ ਫਿਲਮ 'ਵਾਰ' ਤੋਂ ਬਾਅਦ ਤੁਸੀਂ ਸਿਧਾਰਥ ਆਨੰਦ ਨਾਲ ਫਿਰ ਕੰਮ ਕਰ ਰਹੇ ਹੋ?

– ਜੀ ਹਾਂ, ਮੈਂ ਸਿਧਾਰਥ ਜੀ ਨਾਲ ਫਿਲਮ 'ਰੈਂਬੋ' ਕਰ ਰਿਹਾ ਹਾਂ। ਸਿਧਾਰਥ ਸਰ ਦੇ ਨਾਲ ਪਿੱਛੇ ਜਿਹੇ ਫਿਲਮ 'ਵਾਰ' ਕੀਤੀ ਹੈ, ਜੋ ਬਲਾਕ ਬਸਟਰ ਰਹੀ ਹੈ। ਅਜਿਹੇ 'ਚ ਉਨ੍ਹਾਂ ਵਿੱਚ ਮੇਰਾ ਆਤਮ ਵਿਸ਼ਵਾਸ ਹੋਰ ਜ਼ਿਆਦਾ ਵਧ ਚੁੱਕਾ ਹੈ। ਮੈਂ ਉਨ੍ਹਾਂ ਨੂੰ ਸਿਰਫ ਇੱਕ ਡਾਇਰੈਕਟਰ ਨਹੀਂ ਮੰਨਦਾ। ਇਹ ਮੇਰੇ ਦੋਸਤ ਵੀ ਬਣ ਗਏ ਹਨ। ਉਨ੍ਹਾਂ ਹੱਥ ਫੜ ਕੇ ਮੈਨੂੰ ਇੱਕ ਮੁੰਡੇ ਤੋਂ ਆਦਮੀ 'ਚ ਢਾਲਿਆ ਤਾਂ ਮੈਂ ਉਨ੍ਹਾਂ ਨਾਲ 'ਰੈਂਬੋ' ਕਰਨ ਨੂੰ ਲੈ ਕੇ ਬਹੁਤ ਐਕਸਾਈਟਿਡ ਹਾਂ।

* 'ਵਾਰ' ਤੋਂ ਬਾਅਦ ਤੁਹਾਡੀਆਂ ਇਹ ਦੋਵੇਂ ਐਕਸ਼ਨ ਫਿਲਮਾਂ ਹਨ। ਤੁਹਾਨੂੰ ਐਕਸ਼ਨ ਹੀਰੋ ਵਜੋਂ ਬਣਦੀ ਇਮੇਜ ਕਾਰਨ ਇਸ ਗੱਲ ਦੀ ਘਬਰਾਹਟ ਤਾਂ ਨਹੀਂ ਹੈ ਕਿ ਤੁਸੀਂ ਇੱਕੋ ਤਰ੍ਹਾਂ ਦੇ ਰੋਲ 'ਚ ਬੱਝਦੇ ਜਾ ਰਹੇ ਹੋ?

– ਦੱਸ ਦਿਆਂ ਕਿ ਐਕਸ਼ਨ ਹੀਰੋ ਵਜੋਂ ਪਛਾਣੇ ਜਾਣ 'ਤੇ ਮੈਨੂੰ ਖੁਸ਼ੀ ਹੁੰਦੀ ਹੈ। ਇਸੇ ਨਾਲ ਮੇਰੀ ਪਛਾਣ ਬਣੀ ਹੈ। ਖਾਸ ਤੌਰ 'ਤੇ ਅੱਜ ਦੇ ਸਮੇਂ ਵਿੱਚ ਮੁਕਾਬਲਾ ਇੰਨਾ ਜ਼ਿਆਦਾ ਹੈ ਕਿ ਪਛਾਣ ਮਿਲਣੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਤੁਸੀਂ ਭੀੜ ਵਿੱਚ ਕਿਤੇ ਗੁਆਚ ਜਾਂਦੇ ਹੋ। ਮੈਨੂੰ ਇਸ ਨਾਲ ਬਿਲਕੁਲ ਵੀ ਡਰ ਨਹੀਂ ਲੱਗਦਾ, ਇਹੀ ਮੇਰੀ ਪਛਾਣ ਹੈ।


* ਇਸ ਸਮੇਂ ਕਿਸ ਨੂੰ ਇੰਡਸਟਰੀ ਦੀ ਬੈਸਟ ਐਕਸ਼ਨ ਹੀਰੋਇਨ ਮੰਨਦੇ ਹੋ?

– ਕੈਟਰੀਨਾ ਕੈਫ ਨੇ ਫਿਲਮ 'ਟਾਈਗਰ ਜ਼ਿੰਦਾ ਹੈ' 'ਚ ਕਾਫੀ ਚੰਗੇ ਐਕਸ਼ਨ ਸੀਨ ਕੀਤੇ। ਜੈਕਲੀਨ ਫਰਨਾਂਡੀਜ਼ ਵੀ ਕਾਫੀ ਹਿੱਟ ਅਤੇ ਐਥਲੈਟਿਕ ਹੈ। ਬਹੁਤ ਚੰਗੀ ਤਰ੍ਹਾਂ ਐਕਸ਼ਨ ਕਰ ਸਕਦੀ ਹੈ। ਦਿਸ਼ਾ ਪਟਾਨੀ ਵੀ ਕੁਝ ਘੱਟ ਨਹੀਂ ਹੈ।

* ਤੁਸੀਂ ਆਪਣੀ ਭੈਣ ਕ੍ਰਿਸ਼ਮਾ ਸ਼ਰਾਫ ਨਾਲ ਮਿਲ ਕੇ ਬੱਚਿਆਂ ਨੂੰ ਮਾਰਸ਼ਲ ਆਰਟਸ ਸਿਖਾ ਰਹੇ ਹੋ। ਇਸ ਬਾਰੇ ਦੱਸੋ?

– ਸਾਡੀ ਫਿਟਨੈੱਸ ਚੇਨ ਬਹੁਤ ਵਧੀਆ ਚੱਲ ਰਹੀ ਹੈ। ਇਸ ਦਾ ਫੋਕਸ ਮਾਰਸ਼ਲ ਆਰਟਸ ਅਤੇ ਫੰਕਸ਼ਨ ਫਿਟਨੈਸ 'ਤੇ ਹੈ। ਅਸੀਂ ਛੇਤੀ ਇਸ ਦੀਆਂ ਹੋਰ ਕਈ ਬ੍ਰਾਂਚਾਂ ਖੋਲ੍ਹਣ ਵਾਲੇ ਹਾਂ। ਮੈਂ ਅੱਜ ਜੋ ਕੁਝ ਵੀ ਹਾਂ ਮਾਰਸ਼ਲ ਆਰਟ ਕਾਰਨ ਹੀ ਹਾਂ। ਮੇਰੀ ਪਹਿਲੀ ਫਿਲਮ ਤੋਂ ਬਾਅਦ ਮੇਰੇ ਕੋਲ ਕਾਫੀ ਬੱਚੇ ਆਉਂਦੇ ਤੇ ਮੇਰੇ ਤੋਂ ਪੁੱਛਦੇ ਹਨ ਕਿ ਮੈਂ ਮਾਰਸ਼ਲ ਆਰਟ ਕਿੱਥੋਂ ਸਿੱਖੀ ਹੈ। ਮੈਂ ਸੋਚਦਾ ਸੀ ਕਿ ਮੈਂ ਉਨ੍ਹਾਂ ਨੂੰ ਕਿਵੇਂ ਬੋਲਾਂ ਕਿ ਮੈਂ ਖੁਦ ਤੋਂ ਮਾਰਸ਼ਲ ਆਰਟ ਸਿੱਖੀ ਹੈ। ਮੈਂ ਫੈਸਲਾ ਕੀਤਾ ਕਿ ਮੈਂ ਕੁਝ ਆਪਣਾ ਸ਼ੁਰੂ ਕਰਾਂਗਾ, ਇਸ ਲਈ ਮੈਂ ਆਪਣੀ ਭੈਣ ਦੇ ਨਾਲ ਮਿਲ ਕੇ ਇਸ ਦੀ ਸ਼ੁਰੂਆਤ ਕੀਤੀ ਅਤੇ ਇਹ ਬਹੁਤ ਹੀ ਚੰਗਾ ਚੱਲ ਰਿਹਾ ਹੈ।

## 'ਦਬੰਗ 3' ਮਿਲਣ ਨਾਲ ਦਬੰਗਈ ਆ ਗਈ : ਸਈ ਮਾਂਜਰੇਕਰ



ਸਲਮਾਨ ਖਾਨ ਨਾਲ 'ਦਬੰਗ 3' ਵਿੱਚ ਨਜ਼ਰ ਆਏਗੀ ਮਹੇਸ਼ ਮਾਂਜਰੇਕਰ ਦੀ ਬੇਟੀ ਸਈ ਮਾਂਜਰੇਕਰ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਅਭਿਨੈ ਵਿੱਚ ਆਉਣ ਦੇ ਬਾਰੇ ਕਦੋਂ ਸੋਚਿਆ?

– ਮੈਂ ਪਾਪਾ ਨਾਲ ਉਨ੍ਹਾਂ ਦੀਆਂ ਫਿਲਮਾਂ ਦੇ ਸੈੱਟ 'ਤੇ ਜਾਂਦੀ ਸੀ। ਤਦ ਤੋਂ ਜਾਣਦੀ ਸੀ ਕਿ ਫਿਲਮਾਂ ਵਿੱਚ ਹੀ ਕੁਝ ਕਰਨਾ ਹੈ। ਗਿਆਰ੍ਹਵੀਂ ਕਲਾਸ ਵਿੱਚ ਮੈਂ ਥੀਏਟਰ ਨੂੰ ਵਿਸ਼ੇ ਦੇ ਤੌਰ 'ਤੇ ਲਿਆ। ਮੈਂ ਮੰਮੀ ਨੂੰ ਕਿਹਾ ਕਿ ਮੈਂ ਐਕਟਿੰਗ ਕਰਨੀ ਹੈ। ਇੱਕ ਦਿਨ ਅਚਾਨਕ ਫੋਨ ਆਇਆ ਕਿ 'ਦਬੰਗ 3' ਲਈ ਮੇਰੇ ਬਾਰੇ ਸੋਚਿਆ ਜਾ ਰਿਹਾ ਹੈ। ਦਰਅਸਲ ਫਿਲਮ ਵਿੱਚ ਮੇਰੇ ਕਿਰਦਾਰ ਦਾ ਨਾਂਅ ਖੁਸ਼ੀ ਹੈ, ਜੋ ਬੇਹੱਦ ਮਾਸੂਮ ਹੈ। ਸਲਮਾਨ ਸਰ ਨੇ ਉਹੀ ਮਾਸੂਮੀਅਤ ਅਤੇ ਭੋਲਾਪਣ ਮੇਰੇ ਵਿੱਚ ਦੇਖਿਆ ਹੈ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਬਾਰੇ ਸੋਚਿਆ।

* ਤੁਹਾਡੇ ਪਾਪਾ ਨਿਰਮਾਤਾ-ਨਿਰਦੇਸ਼ਕ ਹਨ, ਪਰ ਉਨ੍ਹਾਂ ਦੀ ਫਿਲਮ ਨਾਲ ਡੈਬਿਊ ਨਹੀਂ ਕਰ ਰਹੇ ਹੋ?

– ਉਨ੍ਹਾਂ ਦੇ ਨਾਲ ਕੰਮ ਕਰਨਾ ਹੈ, ਪ੍ਰੰਤੂ ਬਾਅਦ ਵਿੱਚ। ਲੋਕਾਂ ਨੂੰ ਇਹ ਨਹੀਂ ਲੱਗਣਾ ਚਾਹੀਦਾ ਕਿ ਪਾਪਾ ਹੀ ਬੇਟੀ ਨੂੰ ਲਾਂਚ ਕਰ ਰਹੇ ਹਨ।

* ਤੁਹਾਡੇ ਪਿਤਾ 'ਦਬੰਗ' ਫਿਲਮ ਦਾ ਹਿੱਸਾ ਰਹੇ ਹਨ।

-ਮੈਂ ਉਸ ਵਕਤ ਬਹੁਤ ਛੋਟੀ ਸੀ। 'ਦਬੰਗ 3' ਵਿੱਚ ਮੇਰੇ ਪਾਪਾ-ਮੰਮੀ ਦੋਵੇਂ ਕੰਮ ਕਰ ਰਹੇ ਹਨ। ਇਸ ਲਈ ਵੀ ਇਹ ਮੇਰੇ ਲਈ ਡ੍ਰੀਮ ਡੈਬਿਊ ਹੈ।

* ਸਲਮਾਨ ਖਾਨ ਦੀ ਹੀਰੋਇਨ ਬਣਨ ਨੂੰ ਲੈ ਕੇ ਕੋਈ ਨਰਵਸਨੈਸ ਸੀ?

– ਮੈਂ ਉਨ੍ਹਾਂ ਨੂੰ ਕਾਫੀ ਸਮੇਂ ਤੋਂ ਜਾਣਦੀ ਹਾਂ। ਇਸ ਲਈ ਉਨ੍ਹਾਂ ਦੇ ਨਾਲ ਕੰਮ ਕਰਨਾ ਮੇਰੇ ਲਈ ਆਸਾਨ ਰਿਹਾ। ਮੇਰਾ ਉਨ੍ਹਾਂ ਨਾਲ ਇੱਕ ਕੰਫਰਟ ਲੈਵਲ ਹੈ। ਪਹਿਲੇ ਦਿਨ ਅਸੀਂ ਉਹ ਸੀਨ ਸ਼ੂਟ ਕੀਤਾ ਸੀ, ਜਿਸ ਵਿੱਚ ਚੁਲਬੁਲ ਪਾਂਡੇ ਨਾਲ ਪਹਿਲੀ ਵਾਰ ਮਿਲਦੀ ਹਾਂ। ਨਰਵਸ ਸੀ, ਪਰ ਮੈਂ ਪਹਿਲਾਂ ਸੈੱਟ 'ਤੇ ਆ ਚੁੱਕੀ ਸੀ। ਸਭ ਨਾਲ ਜਾਣ-ਪਛਾਣ ਸੀ। ਡਾਇਰੈਕਟਰ ਪ੍ਰਭੂ ਦੇਵਾ ਨਾਲ ਕਈ ਵਾਰ ਮਿਲ ਚੁੱਕੀ ਸੀ, ਪਰ ਕੈਮਰੇ ਦੇ ਸਾਹਮਣੇ ਪਹਿਲੀ ਵਾਰ ਕੰਮ ਕਰਨ ਵਿੱਚ ਨਰਵਸ ਸੀ।


* ਪਿਤਾ ਦੀ ਕਿਹੜੀ ਫਿਲਮ ਪਸੰਦੀਦਾ ਰਹੀ ਹੈ?

– ਉਨ੍ਹਾਂ ਦੇ ਨਿਰਦੇਸ਼ਨ ਵਿੱਚ ਬਣੀ ਮੇਰੀ ਪਸੰਦੀਦਾ ਫਿਲਮ 'ਅਸਤਿਤਵ' ਅਤੇ 'ਵਾਸਤਵ' ਹਨ। 'ਕਾਂਟੇ' ਫਿਲਮ ਵਿੱਚ ਮੈਨੂੰ ਉਨ੍ਹਾਂ ਦੀ ਐਕਟਿੰਗ ਬਹੁਤ ਪਸੰਦ ਆਈ ਸੀ। ਉਨ੍ਹਾਂ ਦੇ ਗ੍ਰੇਅ ਸ਼ੇਡ ਵਾਲੇ ਕਿਰਦਾਰ ਪਸੰਦ ਹਨ। ਬਚਪਨ ਵਿੱਚ ਸਭ ਮੈਨੂੰ ਸਕੂਲ ਵਿੱਚ ਕਹਿੰਦੇ ਸਨ ਕਿ ਤੇਰੇ ਪਾਪਾ ਸੱਚੀਂ ਇੰਨੇ ਡਰਾਉਣ ਹਨ। ਮੈਂ ਉਨ੍ਹਾਂ ਨੂੰ ਕਹਿੰਦੀ ਸੀ, ਸਿਰਫ ਕਿਰਦਾਰ ਨਿਭਾ ਰਹੇ ਹਨ। ਉਹ ਬਹੁਤ ਪਿਆਰੇ ਹਨ, ਪ੍ਰੰਤੂ ਮੇਰੇ ਦੋਸਤ ਘਰ ਨਹੀਂ ਆਉਂਦੇ ਸਨ।

* ਅਸਲ ਜੀਵਨ ਵਿਚ ਕਿੰਨੀ ਦਬੰਗ ਹੋ?

– ਮੈਂ 11ਵੀਂ-12ਵੀਂ ਕਲਾਸ ਵਿੱਚ ਬਹੁਤ ਹੀ ਸ਼ਰਮੀਲੀ ਸੀ। ਜਦ ਤੋਂ 'ਦਬੰਗ 3' ਆਫਰ ਹੋਈ, ਤਦ ਤੋਂ ਦਬੰਗਈ ਆਉਣੀ ਸ਼ੁਰੂ ਹੋ ਗਈ। ਆਤਮ ਵਿਸ਼ਵਾਸ ਵਧ ਗਿਆ ਹੈ।


## ਦੋ ਕਾਰਨਾਂ ਕਰ ਕੇ ਬਰੂਸ ਲੀ ਦਾ ਕਿਰਦਾਰ ਨਹੀਂ ਕਰ ਸਕੇਗਾ ਅਕਸ਼ੈ ਕੁਮਾਰ



ਅਕਸ਼ੈ ਕੁਮਾਰ ਇਨ੍ਹੀਂ ਦਿਨੀਂ ਪ੍ਰਿਥਵੀ ਰਾਜ ਚੌਹਾਨ ਦੀ ਬਾਇਓਪਿਕ ਵਿੱਚ ਕੰਮ ਕਰ ਰਹੇ ਹਨ। ਯਸ਼ਰਾਜ ਬੈਨਰ ਦੀ ਇਸ ਫਿਲਮ ਵਿੱਚ ਅਕਸ਼ੈ ਪ੍ਰਿਥਵੀ ਰਾਜ ਚੌਹਾਨ ਦੀ ਭੂਮਿਕਾ ਵਿੱਚ ਹੋਣਗੇ। ਹਰ ਕੋਈ ਇਸ ਤੋਂ ਜਾਣੂ ਹੈ ਕਿ ਅਕਸ਼ੈ ਐਕਸ਼ਨ ਹੀਰੋ ਹਨ। ਅੱਜਕੱਲ੍ਹ ਉਹ ਹਰ ਜਾਨਰ ਦੀਆਂ ਫਿਲਮਾਂ ਕਰਦੇ ਹਨ, ਪਰ ਐਕਸ਼ਨ ਵਿੱਚ ਉਨ੍ਹਾਂ ਦੀ ਦਿਲਚਸਪੀ ਹਮੇਸ਼ਾ ਰਹੀ ਹੈ। ਆਪਣੀ ਫਿਲਮ 'ਗੁੱਡ ਨਿਊਜ਼' ਦੇ ਪ੍ਰਮੋਸ਼ਨ ਵਿੱਚ ਬਿਜ਼ੀ ਅਕਸ਼ੈ ਕੁਮਾਰ ਤੋਂ ਪੁੱਛਿਆ ਗਿਆ ਕਿ ਉਹ ਮਾਰਸ਼ਲ ਆਰਟ 'ਤੇ ਵੀ ਕੋਈ ਫਿਲਮ ਕਰਨਾ ਚਾਹੁਣਗੇ, ਤਾਂ ਅਕਸ਼ੈ ਨੇ ਕਿਹਾ ਜੇ ਕੋਈ ਚੰਗੀ ਸਕ੍ਰਿਪਟ ਮਿਲੇਗੀ ਤਾਂ ਉਹ ਜ਼ਰੂਰ ਕਰਨਾ ਚਾਹੁਣਗੇ। ਅਕਸ਼ੈ ਦਾ ਕਹਿਣਾ ਹੈ ਕਿ ਉਹ ਮਾਰਸ਼ਲ ਆਰਟ ਦੇ ਮਹਾਰਥੀ ਬਰੂਸ ਲੀ ਦਾ ਬਹੁਤ ਸਨਮਾਨ ਕਰਦੇ ਹਨ। ਉਨ੍ਹਾਂ ਨੇ ਇਹ ਵੀ ਕਹਿਾ ਕਿ ਉਹ ਕਦੇ ਬਰੂਸ ਲੀ ਦੀ ਬਾਇਓਪਿਕ ਵਿੱਚ ਕੰਮ ਨਹੀਂ ਕਰ ਸਕਣਗੇ।

ਇਸ ਦੇ ਦੋ ਕਾਰਨ ਦੱਸਦੇ ਹੋਏ ਅਕਸ਼ੈ ਕਹਿੰਦੇ ਹਨ, ਉਹ ਉਨ੍ਹਾਂ ਨੂੰ ਗੁਰੂ ਮੰਨਦੇ ਹਨ। ਇਸ ਕਰ ਕੇ ਗੁਰੂ ਦਾ ਕਿਰਦਾਰ ਨਿਭਾਉਣਾ ਉਨ੍ਹਾਂ ਲਈ ਸੰਭਵ ਨਹੀਂ। ਉਹ ਉਨ੍ਹਾਂ ਦੀ ਬਾਇਓਪਿਕ ਦਾ ਨਿਰਮਾਣ ਵੀ ਨਹੀਂ ਕਰਨਾ ਚਾਹੁਣਗੇ। ਦੂਸਰੇ ਕਾਰਨ ਬਾਰੇ ਅਕਸ਼ੈ ਕਹਿੰਦੇ ਹਨ ਕਿ ਬਰੂਸ ਲੀ ਦੀ ਮੌਤ ਜਵਾਨੀ ਵਿੱਚ ਹੋ ਗਈ ਸੀ। ਉਸ ਉਮਰ ਦਾ ਕਿਰਦਾਰ ਨਿਭਾਉਣਾ ਉਨ੍ਹਾਂ ਲਈ ਸੰਭਵ ਨਹੀਂ। ਅਕਸ਼ੈ ਕੁਮਾਰ ਦੀ 'ਗੁੱਡ ਨਿਊਜ਼' 27 ਦਸੰਬਰ ਨੂੰ ਰਿਲੀਜ਼ ਹੋਵੇਗੀ। ਅਗਲੇ ਸਾਲ ਅਕਸ਼ੈ 'ਸੂਰਿਆਵੰਸ਼ੀ', 'ਲਛਮੀ ਬੰਬ', 'ਪ੍ਰਿਥਵੀ ਰਾਜ ਚੌਹਾਨ' ਅਤੇ 'ਬੱਚਨ ਪਾਂਡੇ' ਵਿੱਚ ਨਜ਼ਰ ਆਉਣਗੇ।

## ਸਲਮਾਨ ਨਾਲ ਕੰਮ ਕਰੇਗੀ ਸਾਰਾ ਅਲੀ ਖਾਨ



ਬਾਲੀਵੁੱਡ ਅਭਿਨੇਤਰੀ ਸਾਰਾ ਅਲੀ ਖਾਨ ਦਬੰਗ ਸਟਾਰ ਸਲਮਾਨ ਖਾਨ ਨਾਲ ਕੰਮ ਕਰਦੀ ਨਜ਼ਰ ਆ ਸਕਦੀ ਹੈ। ਬਾਲੀਵੁੱਡ ਵਿੱਚ ਚਰਚਾ ਹੈ ਕਿ ਆਨੰਦ ਐੱਲ ਰਾਏ, ਸਲਮਾਨ ਖਾਨ ਨੂੰ ਲੈ ਕੇ ਫਿਲਮ ਬਣਾਉਣ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਸ ਫਿਲਮ ਵਿੱਚ ਸਾਰਾ ਅਲੀ ਖਾਨ, ਸਲਮਾਨ ਖਾਨ ਨਾਲ ਸਕਰੀਨ ਸ਼ੇਅਰ ਕਰਦੀ ਨਜ਼ਰ ਆ ਸਕਦੀ ਹੈ, ਜੇ ਅਜਿਹਾ ਹੋਇਆ ਤਾਂ ਇਹ ਸਲਮਾਨ-ਸਾਰਾ ਦੀ ਪਹਿਲੀ ਫਿਲਮ ਹੋਵੇਗੀ।

ਇਸ ਫਿਲਮ ਲਈ ਸਾਰਾ ਦੇ ਫਿਲਮ ਮੇਕਰਸ ਨਾਲ ਮੁਲਾਕਾਤ ਕਰਨ ਦੀ ਚਰਚਾ ਹੋ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਸਾਰਾ ਨੇ ਇਸ ਫਿਲਮ ਵਿੱਚ ਖੁਦ ਨੂੰ ਲੈਣ ਲਈ ਆਨੰਦ ਨੂੰ ਬੇਨਤੀ ਕੀਤੀ ਹੈ। ਆਨੰਦ ਪਹਿਲਾਂ ਤੋਂ ਸਲਮਾਨ ਖਾਨ ਨੂੰ ਆਪਣੀ ਫਿਲਮ ਵਿੱਚ ਲੈਣ ਦੀ ਤਿਆਰੀ ਕਰ ਰਿਹਾ ਸੀ। ਅੱਗੋਂ ਅਭਿਨੇਤਰੀ ਲਈ ਸਾਰਾ ਦਾ ਨਾਂਅ ਸਾਹਮਣੇ ਆ ਰਿਹਾ ਹੈ। ਸਲਮਾਨ ਖਾਨ ਦੀ ਫਿਲਮ 'ਦਬੰਗ 3' ਰਿਲੀਜ਼ ਹੋਣ ਵਾਲੀ ਹੈ। ਦੂਜੇ ਪਾਸੇ ਸਾਰਾ ਦੇ ਕੋਲ ਦੋ ਵੱਡੀਆਂ ਫਿਲਮਾਂ ਹਨ। ਸਾਰਾ ਨੇ ਪਿੱਛੇ ਜਿਹੇ ਇਮਤਿਆਜ਼ ਅਲੀ ਦੀ ਫਿਲਮ 'ਲਵ ਆਜ ਕੱਲ੍ਹ-2' ਦੀ ਸ਼ੂਟਿੰਗ ਪੂਰੀ ਕੀਤੀ ਹੈ। ਇਸ ਫਿਲਮ ਵਿੱਚ ਉਸ ਦੇ ਹੀਰੋ ਕਾਰਤਿਕ ਆਰੀਅਨ ਹਨ। ਇਸ ਤੋਂ ਇਲਾਵਾ ਉਸ ਕੋਲ ਵਰੁਣ ਧਵਨ ਦੀ ਫਿਲਮ 'ਕੁਲੀ ਨੰਬਰ 1' ਵੀ ਹੈ।

